ਮੋਹਨ ਸਿੰਘ

# ਜੰਦਰੇ

ਨਵਯੁਗ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਜੰਦਰੇ (ਕਵਿਤਾਵਾਂ)

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਮੋਹਨ ਸਿੰਘ

# ਜੰਦਰੇ

ਨਵਯੁਗ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ

Digitized by Panjab Digital Library | www.panjabdigilib.org

ਤੀਜੀ ਵਾਰ : ੧੯੭੦

ਪਰਕਾਸ਼ਕ :
ਨਵਯੁਗ ਪਬਲਿਸ਼ਰਜ਼,
ਚਾਂਦਨੀ ਚੌਕ, ਦਿੱਲੀ

ਪ੍ਰਿੰਟਰ :
ਨਵਯੁਗ ਪ੍ਰੈਸ,
ਚਾਂਦਨੀ ਚੌਕ, ਦਿੱਲੀ

ਮੁੱਲ : ੪ ਰੁਪਏ

Digitized by Panjab Digital Library | www.panjabdigilib.org

ਅੰਮ੍ਰਿਤਾ ਪ੍ਰੀਤਮ ਨੂੰ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

| | |
|---|---|
| ਜੰਦਰੇ | ੯ |
| ਗੁਲਮੋਹਰ | ੧੨ |
| ਮਨਸੂਰ | ੧੪ |
| ਵਣਜਾਰਨ | ੧੭ |
| ਇਕ ਆਥਣ | ੧੯ |
| ਆਥਣ ਨੂੰ | ੨੧ |
| ਰੁੱਤ ਕਣੀਆਂ ਦੀ | ੨੩ |
| ਜਿੰਦੇ ਮੇਰੀਏ | ੨੬ |
| ਸਖਣੀ ਘੜੀ | ੨੮ |
| ਬਿਰਛ | ੩੦ |
| ਟਿਕਾਉ | ੩੧ |
| ਕਸੁੰਭੜਾ | ੩੩ |
| ਗ਼ਜ਼ਲਾਂ | ੩੭—੬੦ |
| ਮਦਨ ਤੇ ਕਾਮਦੀ | ੬੧—੮੦ |

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

## ਜੰਦਰੇ

ਤੱਕਿਆ ਜਵਾਨੀ ਨੇ
ਘਰ ਇਕ ਸੁਹਣਾ
ਚਾਤਰ ਕਿਸੇ ਬਣਾਇਆ
ਲਾ ਲਾ ਰੀਝਾਂ
ਸਾਰੀ ਉਮਰਾਂ
ਵਾਂਗ ਬਹਾਰ ਸਜਾਇਆ ।

ਕਹੀ ਸੋਨੇ ਦੀ
ਚਾਂਦੀ ਦਾ ਦਸਤਾ
ਟਕ ਕਸਾਈਆਂ ਲਾਇਆ ।
ਨਾਲ ਜ਼ਲਜ਼ਲੇ
ਡੋਲੀ ਧਰਤੀ
ਘਰ ਹੋ ਗਿਆ ਪਰਾਇਆ ।



Digitized by Panjab Digital Library | www.panjabdigilib.org

ਵਿਹੜੇ ਦੀ ਇਕ
ਨੁਕਰੇ ਉਗੀਆਂ
ਅੱਤ ਕੋਮਲ ਦੋ ਪਤੀਆਂ ।
ਬੇਘਰ ਹੋਈ
ਕੋਹੀ ਜਵਾਨੀ
ਫੇਰ ਨਾ ਮੁੜ ਕੇ ਤੱਕੀਆਂ ।

ਘਰ ਉਦਾਸ
ਬੇਆਸ ਜਵਾਨੀ
ਗਾਂਹਦੀ ਫਿਰੀ ਉਜਾੜਾਂ ।
ਹੌਲੀ ਹੌਲੀ
ਵਟਦੀਆਂ ਰਹੀਆਂ
ਪਤਝੜ ਵਿਚ ਬਹਾਰਾਂ ।

ਹੋਈ ਸਿਆਣੀ
ਪੀੜ ਅੰਞਾਣੀ
ਮਾਣ ਜਵਾਨੀ ਦਾ ਟੁੱਟਾ ।
ਮੁੜ ਕੇ ਅਪਣਾ
ਘਰ ਦੇਖਣ ਦਾ
ਜਾਗਿਆ ਸੁਪਨਾ ਸੁੱਤਾ ।

ਘਰ ਗੰਭੀਰ
ਚੁੱਪ, ਪਰ ਸੁਹਣਾ,
ਅਪਣਾ, ਮਗਰ ਪਰਾਇਆ ।
ਡੂੰਘੇ ਪਾਣੀ
ਵਾਂਗ ਠਹਿਰਿਆ
ਬੇਘਰ, ਘਰ ਤਕ ਆਇਆ ।


Digitized by Panjab Digital Library | www.panjabdigilib.org

ਦੋ ਪਤੀਆਂ
ਦੋ ਫੁੱਲ ਬਣ ਚੁਕੀਆਂ
ਟਹਿਕਣ ਬਾਹਰ ਤੇ ਅੰਦਰੇ ।
ਜਾਣੋ ਘਰ ਦੇ
ਹੋਠੀਂ ਵੱਜੇ
ਫੁੱਲਾਂ ਦੇ ਦੋ ਜੰਦਰੇ ।

ਮਿਹਰਬਾਨ ਘਰ
ਖੁਲ੍ਹੇ ਬੂਹੇ
ਮੁੜ ਕੇ ਕਿਥੋਂ ਲੋੜਾਂ ।
ਫੁੱਲਾਂ ਦੇ ਜੰਦਰੇ
ਨਾ ਟੁੱਟਣ
ਲੋਹੇ ਦੇ ਹੋਣ ਤਾਂ ਤੋੜਾਂ ।


Digitized by Panjab Digital Library | www.panjabdigilib.org

## ਗੁਲਮੋਹਰ

ਗੁਲਮੋਹਰ ਦਾ ਬੂਟਾ
ਖੜਾ ਸੁਹਾਵਣਾ
ਧੁਰ ਪਾਤਾਲੋਂ ਆਇਆ
ਧਰਤ-ਪਰਾਹੁਣਾ ।

ਅਧ੍ਭੁਤ ਵਿੰਗ ਵਲੇਵੇਂ
ਖਾਧੇ ਡਾਲੀਆਂ
ਨਜ਼ਰਾਂ ਦੇ ਪੰਖੇਰੂ
ਫਸ ਗਏ ਜਾਲੀਆਂ ।

ਰਾਤ ਦਾ ਭੋਛਨ ਕਾਲਾ,
ਮੁਸ਼ਕੀ, ਊਦੀਆ
ਪੱਥ-ਬਤੀਆਂ ਦਾ ਚਾਨਣ
ਡੁਲ੍ਹੇ ਦੁਧੀਆ ।



Digitized by Panjab Digital Library | www.panjabdigilib.org

ਨ੍ਹੇਰ ਦਾ ਅਥਰਾ ਸੰਢਾ
ਬੜ੍ਹਕਾਂ ਮਾਰਦਾ
ਪੱਥ-ਬਤੀਆਂ ਦੇ ਚਾਨਣ
ਅੱਗੇ ਹਾਰਦਾ ।

ਤਣਾ ਚਮਕਦਾ ਕਾਰ
ਜਦੋਂ ਕੋਈ ਲੰਘਦੀ
ਫੁੱਲਾਂ ਤੇ ਪਿਚਕਾਰੀ
ਪੈਂਦੀ ਰੰਗ ਦੀ ।

ਸੂਹੇ ਫੁੱਲ ਸੰਧੂਰੀ
ਗੂੜ੍ਹੇ ਕੇਸਰੀ
ਟੂਣੇ ਦੇ ਵਿਚ ਜਕੜੀ
ਜਾਪੇ ਇਹ ਘੜੀ ।



Digitized by Panjab Digital Library | www.panjabdigilib.org

## ਮਨਸੂਰ

ਇਕ ਵਾਰੀ ਵਿਚ ਨੀਲ ਦੇ
ਆਈ ਤੁਗ਼ਿਆਨੀ
ਚੜ੍ਹਿਆ ਕੰਢੇ ਤੋੜ ਕੇ
ਧਰਤੀ ਤੇ ਪਾਣੀ ।

ਕਹਿਰੀ ਛੱਲਾਂ ਲੰਘੀਆਂ
ਟਪ ਹੱਦਾਂ ਬੰਨੇ
ਮਸਤ ਹਾਥੀਆਂ ਹੇੜ੍ਹ ਜਿਉਂ
ਦਰ ਕਿਲ੍ਹਿਆਂ ਭੰਨੇ ।

ਵੜਿਆ ਅੰਦਰ ਸ਼ਹਿਰ ਦੇ
ਧੁਸ ਕੇ ਪਾਣੀ
ਤੱਕਦਿਆਂ ਤੱਕਦਿਆਂ ਡੁੱਬ ਗਈ
ਸਾਰੀ ਰਾਜਧਾਨੀ



Digitized by Panjab Digital Library | www.panjabdigilib.org

ਲੈ ਗਿਆ ਪਾਣੀ ਹੂੰਝ ਕੇ
ਜਾਗੇ ਤੇ ਸੁੱਤੇ
ਬਚ ਗਏ ਜੋ ਚੜ੍ਹ ਗਏ
ਅਹਿਰਾਮਾਂ ਉੱਤੇ ।

ਚੋਟੀ ਤੇ ਅਹਿਰਾਮ ਦੀ
ਇਕ ਬਿਰਧ ਪੁਰਾਣਾ
ਸਿਰ ਲੋਕਾਂ ਦੇ ਵਰਤਿਆ
ਤੱਕ ਏਡ ਕਹਾਣਾ ।

ਬੋਲਿਆ : "ਅਮਕੀ ਗੁਫਾ ਵਿਚ
ਕੋਈ ਝਬਦੇ ਜਾਉ
ਕਿੱਲੀ ਤੋਂ ਮਨਸੂਰ ਦਾ
ਚੋਲਾ ਲਾਹ ਲਿਆਉ ।"

ਬੁੱਢੇ ਹੱਥ ਮਨਸੂਰ ਦਾ
ਜਦ ਚੋਲਾ ਆਇਆ
ਚੁੰਮ ਕੇ ਅੱਖਾਂ ਅਪਣੀਆਂ
ਤੇ ਉਸ ਨੇ ਲਾਇਆ ;

ਸੁੱਟ ਦਿਤਾ ਫਿਰ ਨੀਲ ਦੀ
ਛਾਤੀ ਦੇ ਉਤੇ
ਬਿਫਰੇ ਪਾਣੀ ਨੀਲ ਦੇ
ਇਕ ਪਲ ਵਿਚ ਸੁੱਤੇ ।



Digitized by Panjab Digital Library | www.panjabdigilib.org

ਹੇ ਸਾਗਰ ਤੀਰ ਵਸੰਦੀਏ,
ਛੱਲਾਂ ਦੇ ਚੋਜ ਤਕੰਦੀਏ,
ਮਹਿਕਾਂ ਦੇ ਵਣਜ ਕਰੰਦੀਏ,
ਤੇ ਮੋਤੀਆਂ ਚੋਗ ਚੁਗੰਦੀਏ,
ਜੇ ਦਿਲ ਤੇਰੇ ਦੇ ਸ਼ਹੁ ਵਿਚ
ਮੁੜ ਉਠਣ ਕਦੀ ਉਛਾਲ ਫਿਰ
ਲਹਿਰਾ ਉਠੇ ਮੁੜ ਵੇਗ ਵਿਚ
ਦਿਲ ਦੀ ਨੁਕਰਈ ਅਯਾਲ ਫਿਰ, —
ਤਾਂ ਚੋਲਾ ਮੇਰੇ ਪਿਆਰ ਦਾ
ਜੋ ਲਾਹ ਕੇ ਤੂੰ ਹੈ ਸੁੱਟਿਆ
ਸੁੱਟ ਤੂਫ਼ਾਨਾਂ ਦੀ ਹਿੱਕ ਤੇ
ਤੂੰ ਜਜ਼ਬੇ ਸ਼ਾਂਤ ਕਰਾ ਲਵੀਂ
ਤੇ ਤੁਗਿਆਨੀ ਨੂੰ ਲਾਹ ਲਵੀਂ ।

ਤੱਕ ਸੱਚ ਕਿਵੇਂ ਹੈ ਪੁਗਦਾ ।
ਮਨਸੂਰ ਹਾਂ ਮੈਂ ਇਸ ਯੁੱਗ ਦਾ ।


Digitized by Panjab Digital Library | www.panjabdigilib.org

## ਵਣਜਾਰਨ

ਪਹਿਲੀ ਵਾਰ ਵਣਜਾਰਨ ਆਈ
ਸਿਰ ਖ਼ੁਸ਼ੀਆਂ ਦੀ ਖਾਰੀ
ਹੋਠ ਉਨਾਬੀ
ਨੈਣ ਸ਼ਰਾਬੀ
ਖਾਰੀ ਉਸ ਦੀ ਭਾਰੀ
ਇਕ ਖ਼ੁਸ਼ੀ ਦੇ
ਮੈਂ ਨਹੀਂ ਦੇਣੀ
ਲੈਣੀਆਂ ਤਾਂ ਲੈ ਲੈ ਸਾਰੀ।

ਦੂਜੀ ਵਾਰ ਵਣਜਾਰਨ ਆਈ
ਖਾਰੀ ਓਸ ਉਤਾਰੀ
ਅੱਧੀਆਂ ਖ਼ੁਸ਼ੀਆਂ
ਅੱਧੀਆਂ ਗ਼ਮੀਆਂ
ਮਿੱਸੀ ਉਸ ਦੀ ਖਾਰੀ
ਖ਼ੁਸ਼ੀਆਂ ਦੇ ਜਾ
ਗ਼ਮੀਆਂ ਲੈ ਜਾ
ਇਹ ਨਹੀਂ ਹੋਣਾ ਵਾਰੀ।



Digitized by Panjab Digital Library | www.panjabdigilib.org

ਤੀਜੀ ਵਾਰ ਵਣਜਾਰਨ ਆਈ
ਸਿਰ ਦੁੱਖਾਂ ਦੀ ਖਾਰੀ
ਉੱਠਣ ਛੱਲਾਂ
ਬਣਨ ਨਾ ਗੱਲਾਂ
ਖਾਰੀ ਨਾ ਜਾਏ ਉਤਾਰੀ
ਸਿਰ ਨਿਹੁੜਾ
ਮੈਂ ਅੱਗੇ ਵਧਿਆ
ਖਾਰੀ ਲਹਾ ਲਈ ਸਾਰੀ ।



Digitized by Panjab Digital Library | www.panjabdigilib.org

## ਇਕ ਆਥਣ

ਪੱਛਮ ਦੇ ਵਿਚ ਸੂਰਜ ਡੁੱਬਾ
ਠੀਕਰ ਵਿਚ ਅੰਗਿਆਰੇ ਪਾਈ
ਸ਼ਿਵ ਦਾ ਜਿਵੇਂ ਪੁਜਾਰੀ ।

ਏਧਰ ਦਿਲ ਦੀ ਧਰਤੀ ਸੁੰਞੀ
ਉਸ ਔਂਤਰੀ ਬੇਟ ਵਾਂਗਰਾਂ
ਜਿਥੋਂ ਕਦੀ ਸ਼ੂਕਰਾਂ ਪਾਂਦਾ
ਲੰਘ ਚੁਕਾ ਹੋਵੇ ਦਰਿਆ ।

ਰੰਗ ਬਿਰੰਗੀਆਂ ਅਚਰਜ ਰੇਖਾਂ ਵਾਲੇ ਗੀਟੇ
ਉਹਨਾਂ ਪੁੱਤਰਾਂ ਵਾਂਗ ਪਏ ਨੇ
ਜਿਨ੍ਹਾਂ ਨੂੰ ਮਾਂ ਜੰਮ ਕੇ ਜਾਵੇ ਸੁੱਟ ਮਸੀਤੇ ।



Digitized by Panjab Digital Library | www.panjabdigilib.org

ਕੰਢਿਆਂ ਉਤੇ ਉਗੇ ਸੜਕੜੇ
ਬੁੰਬਲ ਝੂਮਣ ਵਿਚ ਹਵਾਵਾਂ
ਪਤਾ ਨਾ ਲਗਦਾ ਇਹ ਕਲਗੀਆਂ
ਕਿਹੜੇ ਤਾਜ ਵਿਚ ਲਾਵਾਂ ।

'ਰੀਸਾਂ ਨਹੀਂ ਝਨਾਂ ਦੀਆਂ
ਭਾਵੇਂ ਸੁਕੀ ਹੋਵੇ' —
ਇਹ ਗੱਲ ਜਾਪੇ ਕੂੜ.
ਤੇ ਆਖਣ ਵਾਲਾ ਮੂੜ੍ਹ ।

ਖੁਲ੍ਹੇ ਪਾਣੀਆਂ ਦਾ ਤਾਰੂ ਦਿਲ
ਪਾਣੀ ਦੀ ਇਕ ਤਿਪ ਨੂੰ ਤਰਸੇ
ਤਲ ਅਪ ਨੇ ਵਿਚਘੇ ਟੋਏ ਮਾਰੇ
ਪੱਛਮ ਦੇ ਵਿਚ ਬੁਝ ਗਏ ਅੰਗਿਆਰੇ ।



Digitized by Panjab Digital Library | www.panjabdigilib.org

## ਆਥਣ ਨੂੰ

ਗੱਲ ਸੁਣ ਆਥਣੇ ਨੀ
ਮੇਰੀਏ ਸਾਥਣੇ ਨੀ
ਵਰਕੇ ਜਿੰਦੜੀ ਦੇ ਚਿੱਟੇ
ਸੁੱਟ ਜਾ ਰੰਗ ਦੇ ਦੋ ਛਿੱਟੇ ।

ਆ ਨੀ ਕਾਲੀਏ ਰਾਤੇ
ਬਹਿ ਜਾ ਦਿਲ ਦੀ ਸਬਾਤੇ
ਕਰ ਦੇ ਨ੍ਹੇਰਿਆਂ ਦੀ ਛਾਇਆ
ਚਿੱਟੇ ਚਾਨਣਾ ਅਕਾਇਆ ।

ਸੁਣੋ ਤਾਰਿਓ ਭਰਾਵੋ
ਨਾਲ ਆਪਣੇ ਰਲਾਵੋ
ਲਾਵੋ ਧੜਕਣਾਂ ਨੂੰ ਛੋਹ
ਚੱਲੀ ਜ਼ਿੰਦਗੀ ਖਲੋ ।



Digitized by Panjab Digital Library | www.panjabdigilib.org

ਗੱਲ ਸੁਣ ਪੂਰਿਆ ਚੰਨਾਂ
ਭਰਿਆ ਦੁੱਧ ਨਾਲ ਛੰਨਾ
ਸੁੱਤਾ ਦਿਲ ਅਸਗਾਹ
ਕੋਈ ਲਹਿਰ ਚਾ ਉਠਾ ।

ਆ ਨੀ ਸਰਘੀਏ ਭੈਣੇ
ਪਾ ਕੇ ਚਾਨਣੇ ਦੇ ਗਹਿਣੇ
ਛੜੀ ਚਾਨਣੇ ਦੀ ਲਾ
ਸੁਤੀਆਂ ਧੜਕਣਾਂ ਜਗਾ ।



Digitized by Panjab Digital Library | www.panjabdigilib.org

## ਰੁੱਤ ਕਣੀਆਂ ਦੀ

ਰੁੱਤ ਕਣੀਆਂ ਦੀ ਆਈ ਆ
ਨਾ ਕਰ ਅੱਤੜੇ ਵੇ ।
ਕਣੀਆਂ ਠੰਢੀਆਂ ਵੇ ਮਾਹੀਆ
ਹੰਝੂ ਤੱਤੜੇ ਵੇ ।

ਨੀਲੇ ਊਦੇ ਅਤੇ ਮੁਸ਼ਕੀ
ਘੋੜੇ ਅੱਥਰੇ ਵੇ ।
ਰੱਥ ਬੱਦਲਾਂ ਦਾ ਧੂੰਹਦੇ
ਕਰਦੇ ਚੱਤੜੇ ਵੇ ।
ਆ ਜਾ ਕਣੀਆਂ ਦੀ ਰੁੱਤੇ
ਨਾ ਕਰ ਅੱਤੜੇ ਵੇ ।
ਕਣੀਆਂ ਠੰਢੀਆਂ ਵੇ ਮਾਹੀਆ
ਹੰਝੂ ਤੱਤੜੇ ਵੇ ।



Digitized by Panjab Digital Library | www.panjabdigilib.org

ਲੱਖਾਂ ਕਾਲੇ ਧੂਤ ਹਾਥੀ
ਮੱਦਾਂ ਮੱਤੜੇ ਵੇ ।
ਘੋਰੂ ਪਾਉਂਦੇ ਤੇ ਹਿਲਾਉਂਦੇ
ਗਗਨ ਛੱਤੜੇ ਵੇ ।
ਦੇ ਜਾ ਮਦ ਦੀ ਪਿਆਲੀ
ਜਿੰਦੜੀ ਮੱਤੜੇ ਵੇ ।
ਕਣੀਆਂ ਠੰਢੀਆਂ ਵੇ ਮਾਹੀਆ
ਹੰਝੂ ਤੱਤੜੇ ਵੇ ।

ਵੱਡਾ ਮੱਝੀਆਂ ਦਾ ਖੰਧਾ
ਗਗਨੀਂ ਵੱਤੜੇ ਵੇ ।
ਸਿੰਙ ਸਿੰਙਾਂ ਵਿਚ ਫਾਥੇ
ਲੇਵੇ ਲੱਥੜੇ ਵੇ ।
ਰੁੱਤ ਕਣੀਆਂ ਦੀ ਜੀਵੇਂ
ਛੱਡ ਦੇ ਚੱਤੜੇ ਵੇ ।
ਕਣੀਆਂ ਠੰਢੀਆਂ ਵੇ ਮਾਹੀਆ
ਹੰਝੂ ਤੱਤੜੇ ਵੇ ।

ਵੱਡਾ ਮੇਘਲੇ ਦਾ ਚਰਖਾ
ਘੂਕਰ ਘੱਤੜੇ ਵੇ ।
ਗਗਨੋਂ ਧਰਤ ਤੀਕ ਲੰਮੀਆਂ
ਤੰਦਾਂ ਕੱਤੜੇ ਵੇ ।
ਕਣੀਆਂ ਬਣ ਗਈਆਂ ਅਣੀਆਂ
ਪੀੜਾਂ ਅੱਤੜੇ ਵੇ ।
ਛਿੱਟਾਂ ਚਿੱਟੀਆਂ ਵੇ ਮਾਹੀਆ
ਹੰਝੂ ਰੱਤੜੇ ਵੇ ।


Digitized by Panjab Digital Library | www.panjabdigilib.org

ਘਟਾਂ ਮੇਘ ਵਲ ਤੁਰੀਆਂ
ਚੁੱਕ ਚੁੱਕ ਭੱਤੜੇ ਵੇ ।
ਲੌਂਗ ਬਿਜਲੀ ਦੇ ਲਿਸ਼ਕਣ
ਮੋਤੀ ਨੱਥੜੇ ਵੇ ।
ਅੱਜ ਤਾਂ ਕੱਚੜੇ 'ਕਰਾਰ
ਕਰ ਜਾ ਸੱਚੜੇ ਵੇ ।
ਬੂੰਦਾਂ ਚਿੱਟੀਆਂ ਵੇ ਮਾਹੀਆ
ਹੰਝੂ ਰੱਤੜੇ ਵੇ ।



Digitized by Panjab Digital Library | www.panjabdigilib.org

## ਜਿੰਦੇ ਮੇਰੀਏ

ਨਾ ਰੁਕੇ ਚਾਨਣ ਦੇ ਘੋੜੇ ਅਥਰੇ ਮੂੰਹ-ਜ਼ੋਰ,
ਮੈਂ ਖਿੱਚ ਖਿੱਚ ਰਾਸਾਂ ਹਾਰ ਗਿਆ, ਜਿੰਦੇ ਮੇਰੀਏ।

ਮੈਂ ਫੜ ਫੜ ਰਿਹਾ ਧਰੀਕ ਆਥਣ ਦਾ ਪੱਲਾ,
ਰੰਗਾਂ ਦੀ ਧੂੜ ਖਿਲਾਰ ਗਿਆ, ਜਿੰਦੇ ਮੇਰੀਏ।

ਫਿਰ ਚੁੱਕ ਗੋਦੀ ਵਿਚ ਚਿਤਕਬਰਾ ਹਿਰਨੌਟਾ
ਤਰਕਾਲਾਂ ਦਾ, ਪੁਚਕਾਰ ਰਿਹਾ, ਜਿੰਦੇ ਮੇਰੀਏ।

ਪਰ ਚੁਗਣ ਚਾਨਣ-ਨ੍ਹੇਰੇ ਦੀ ਮਿੱਸੀ ਖੇਤੀ,
ਬਾਹਾਂ 'ਚੋਂ ਚੁੰਗੀ ਮਾਰ ਗਿਆ, ਜਿੰਦੇ ਮੇਰੀਏ।

ਔਹ ਫੜ ਨ੍ਹੇਰੇ ਦੀਆਂ ਲਾਸਾਂ ਰਾਤ ਹੈ ਉਤਰੀ,
ਛੰਘ ਵੇਲਾ ਪੱਬਾਂ ਭਾਰ ਰਿਹਾ, ਜਿੰਦੇ ਮੇਰੀਏ।



Digitized by Panjab Digital Library | www.panjabdigilib.org

ਲੱਖ ਤਾਰਿਆਂ ਵਿਚੋਂ ਘੁੰਮ ਕੇ ਪਰਤ ਵੀ ਆਇਆ,
ਮੈਂ ਕਦ ਸਾਂ ਅੰਦਰੋਂ ਬਾਹਰ ਗਿਆ, ਜਿੰਦੇ ਮੇਰੀਏ ।

ਬੰਨ੍ਹ ਸਮਾਂ ਪੈਰਾਂ ਦੇ ਵਿਚ ਤਾਰਿਆਂ ਦੀ ਝਾਂਜਰ,
ਧਰਤੀ ਤੇ ਅੱਡੀ ਮਾਰ ਰਿਹਾ, ਜਿੰਦੇ ਮੇਰੀਏ ।

ਗਈ ਮੁੜ ਸਰਘੀ ਦੀ ਵਾ ਵੀ ਦਸਤਕ ਦੇ ਕੇ,
ਕਿਹੜਾ ਜਿੰਦ ਨੂੰ ਜੰਦਰੇ ਮਾਰ ਗਿਆ, ਜਿੰਦੇ ਮੇਰੀਏ ।



Digitized by Panjab Digital Library | www.panjabdigilib.org

## ਸਖਣੀ ਘੜੀ

ਲਹਿੰਦੇ ਦੇ ਝਿੱਕੇ ਪਤਣਾਂ ਤੇ
ਰੰਗਾਂ ਦੀ ਅਧਭੁਤ ਭੀੜ ਜੁੜੀ ।
ਲਹਿਰਾਣ ਸਹਸਰਾਂ ਰੰਗ-ਪੱਲੇ
ਕੰਧਾਂ ਤੇ ਆਥਣ ਨਾਰ ਖੜੀ ।
ਹਾ ! ਇਹ ਵੀ ਸਖਣੀ ਗਈ ਘੜੀ ।

ਔਹ, ਚੋਪੜੇ ਸਿੰਙਾਂ ਵਾਲੀ ਰਾਤ
ਜਿੰਦ ਦੇ ਵਿਹੜੇ ਵਿਚ ਆਣ ਵੜੀ ।
ਭਰਿਆ ਲੇਵਾ, ਵੱਗਣ ਧਾਰਾਂ
ਮੂਰਖ ਨੇ ਦੁਹਣੀ ਨਹੀਂ ਭਰੀ ।
ਹਾ ! ਇਹ ਵੀ ਸਖਣੀ ਗਈ ਘੜੀ ।



Digitized by Panjab Digital Library | www.panjabdigilib.org

ਸਿਰ ਵਿਚ ਗੁੰਦੀ ਅੱਧ-ਰੈਣੀ ਨੇ
ਕਣੀਆਂ ਮਣੀਆਂ ਦੀ ਚਮਕ ਲੜੀ ।
ਵਿਚਕਾਹੇ ਸੱਗੀ ਚੰਨੇ ਦੀ,
ਪਾਸੀਂ ਚਾਨਣ ਦੇ ਫੁੱਲ ਜੜੀ ।
ਹਾ ! ਇਹ ਵੀ ਸਖਣੀ ਗਈ ਘੜੀ ।

ਚੜ੍ਹਦੇ ਦੇ ਉਚਿਆਂ ਟਿਬਿਆਂ ਤੇ
ਕਿਰਨਾਂ ਦੀ ਅਧਭੁਤ ਭੀੜ ਜੁੜੀ ।
ਬੁਲ੍ਹੀਂ ਹਾਸੇ, ਕੇਸੀਂ ਕੇਸਰ,
ਢੱਕੀ ਤੇ ਧੁੱਪ ਮੁਟਿਆਰ ਚੜ੍ਹੀ ।
ਹਾਂ ! ਇਹ ਵੀ ਸਖਣੀ ਗਈ ਘੜੀ ।



Digitized by Panjab Digital Library | www.panjabdigilib.org

# ਬਿਰਛ

ਅੰਗਣ ਮੇਰੇ ਉੱਗਿਆ
ਇਕ ਬਿਰਛ ਅਨੋਖਾ ।
ਕੰਡਿਆਂ ਲੱਦੇ ਪਤਰੇ
ਤੇ ਡੰਠਲ ਖੋਖਾ ।

ਜੰਗਲੀ ਥੋਹਰ ਵਾਂਗਰਾਂ
ਪਿਆ ਫੈਲੇ ਲੋਕਾ ।
ਰਾਤ ਦਿਹੁੰ ਪਿਆ ਵਧਦਾ
ਨਾ ਜਾਣੇ ਸੋਕਾ ।

ਛਿੱਟ ਪਾਣੀ ਦੀ ਪੀਏ ਨਾ
ਲਹੂ ਪੀਵੇ ਚੋਖਾ ।
ਪਤਾ ਨਹੀਂ ਇਹ ਬਿਰਛ ਹੈ
ਜਾਂ ਬਿਰਛ ਦਾ ਧੋਖਾ ।



Digitized by Panjab Digital Library | www.panjabdigilib.org

## ਟਿਕਾਉ

ਤਾਰ ਵਾਂਗੂ ਕੰਬਿਆ ਮੈਂ
ਜਿੰਦੜੀ ਦੀਆਂ ਨਿਮਨ-ਤਰਬਾਂ
ਨਿੱਕੇ ਨਿੱਕੇ ਬੰਨ੍ਹ ਘੁੰਗਰੂ ਨੱਚੀਆਂ
ਦਾਰੂ ਦੇ ਕੌੜੇ ਪਿਆਲੇ
ਵਿਚੋਂ ਚਿਣਗਾਂ ਮੱਚੀਆਂ
ਲੱਖਾਂ ਪੀੜਾਂ ਜਾਗੀਆਂ
ਕੁਝ ਸੱਚੀਆਂ ਕੁਝ ਕੱਚੀਆਂ
ਜਿੰਦੜੀ ਦੀ ਚਰਖੜੀ 'ਤੇ
ਜਜ਼ਬਿਆਂ ਖਾਧੀ ਭਵਾਂਟੀ
ਹਰ ਭਵਾਂਟੀ ਵਿਚ ਨਸ਼ਾ
ਹੱਥੀਂ ਸਹੇੜੀ ਪੀੜ ਦਾ
ਜਜ਼ਬਿਆਂ ਦਾ ਆਰਾ-ਕਸ਼
ਚੰਦਨ ਦੀ ਗੇਲੀ ਚੀਰਦਾ ।



Digitized by Panjab Digital Library | www.panjabdigilib.org

ਥੱਕ ਕੇ ਜਿੰਦੜੀ ਡਿੱਗੀ
ਮੰਗਦੀ ਸੱਤਾਂ ਸੁਰਾਂ ਦੇ
ਰਲਵੇਂ ਬਝਵੇਂ ਨਾਦ ਨੂੰ
ਇਕੋ ਸੁਰ ਵਿਚ
ਅੰਤ, ਹੁਣ ਤੇ ਆਦਿ ਨੂੰ ।

ਲਹਿਰ ਵਾਂਗੂ ਉਛਲਿਆ ਮੈਂ
ਪਾ ਕਈ ਬੁੜ-ਜੀਵੀਆਂ ਲਹਿਰਾਂ ਦੇ ਹੱਥਾਂ ਵਿਚ ਹੱਥ
ਨੱਚਿਆ ਤੇ ਮੱਚਿਆ
ਝੱਗ ਦਾ ਅਧਭੁਤ ਅਡੰਬਰ ਰੱਚਿਆ
ਗੰਢੇ ਦੀ ਛਿਲ ਨਾਲੋਂ ਪਤਲੇ
ਝੱਗ ਦੇ ਸਿਲਕੀ ਪਰਦਿਆਂ 'ਚੋਂ
ਅਤਿ ਸਧਾਰਨ ਰੰਗਾਂ ਤਾਈਂ
ਗਰਮ ਲਹੂ ਦੀ ਪਾਹ ਦੇ ਕੇ
ਅਣ-ਸਧਾਰਨ ਦੇਖਿਆ
ਇਕ ਇਕ ਤੁਬਕੇ ਦੇ ਵਿਚ
ਬ੍ਰਹਿਮੰਡ ਸਾਰਾ ਪੇਖਿਆ
ਰਹਿ ਗਿਆ ਫਿਰ ਵੀ ਬਹੁਤ
ਅਣ-ਦੇਖਿਆ ਅਣ-ਲੇਖਿਆ ।

ਜਿੰਦੜੀ ਹੈ ਮੰਗਦੀ
ਸਾਗਰ ਦੀ ਹੁਣ ਗੰਭੀਰਤਾ
ਤਹਿ ਦਾ ਅਣ-ਵੰਡਿਆ ਟਿਕਾਉ ।



Digitized by Panjab Digital Library | www.panjabdigilib.org

## ਕਸੁੰਭੜਾ

ਕੇਸੂ ਦਾ ਇਕ ਰੁੱਖ
ਉਗਿਆ ਵਿਚ ਉਜਾੜ ਦੇ
ਪੰਛੀ ਅਤੇ ਮਨੁੱਖ
ਲਾਗੇ ਚਾਗੇ ਕੋਈ ਨਾ ।

ਨਾ ਪਗਡੰਡੀ ਰਾਹ,
ਉਸ ਤੀਕਰ ਕੋਈ ਅਪੜਦਾ
ਕੇਵਲ ਇਕ ਨਿਗਾਹ
ਕਰ ਸਕਦੀ ਏ ਯਾਤਰਾ ।

ਧਰਤੀ ਹਿੱਕ ਹੰਗਾਲ
ਰਤਨ ਲਿਆਇਆ ਕੌਣ ਇਹ ?
ਅੱਗ-ਰੰਗੇ ਫੁੱਲ ਲਾਲ
ਹੁਸਨ ਮਸ਼ਾਲਾਂ ਬੱਲੀਆਂ ।



Digitized by Panjab Digital Library | www.panjabdigilib.org

ਹੱਸ ਰਹੇ ਲੱਖ ਬਾਲ
ਸੂਹੀਆਂ ਬੁਲ੍ਹੀਆਂ ਖੋਹਲ ਕੇ
ਮੇਰੇ ਮਨ ਸਵਾਲ,
ਸਹਿਜ ਸਭਾ ਇਹ ਉਠਿਆ :

ਕਿਉਂ ਉਗਿਆ ਬੇਕਾਰ
ਓਝੜ ਵਿਚ ਕਸੁੰਭੜਾ ?
ਖੋਲ੍ਹੀ ਵਿਚ ਉਜਾੜ
ਰੰਗ ਪਟਾਰੀ ਏਸ ਕਿਉਂ ?

ਰਹੀਆਂ ਖੇਡ ਗੁਲਾਲ
ਕ੍ਰਿਸ਼ਨ ਬਿਨਾਂ ਕਿਉਂ ਗੋਪੀਆਂ ?
ਬਾਝੋਂ ਕਿਸੇ ਪਿਆਲ,
ਮਦ-ਭਰੀਆਂ ਕਿਉਂ ਮਟਕੀਆਂ ?

ਹਾਏ ਇਹ ਅਨਜਾਣ
ਸਾਲੂ ਲਿਪਟੀਆਂ ਵਹੁਟੀਆਂ
ਆਵਣ ਤੇ ਤੁਰ ਜਾਣ
ਅਣ-ਤਕੀਆਂ, ਅਣ-ਮਾਣੀਆਂ ।

ਇਹ ਤੇਰਾ ਅਭਿਮਾਨ
ਉਠਿਆ ਬੋਲ ਕਸੁੰਭੜਾ,
ਕਿ ਕੇਵਲ ਇਨਸਾਨ
ਹੀ ਹੈ ਰਸੀਆ ਰੂਪ ਦਾ ।



Digitized by Panjab Digital Library | www.panjabdigilib.org

ਤੂੰਹੇਂ ਜਗ ਦਾ ਮੂਲ
ਬਾਕੀ ਪੱਤਰ ਟਾਹਣੀਆਂ,
ਦਵਾਲੇ ਤੇਰੀ ਚੂਲ
ਘੁੰਮ ਰਿਹਾ ਬ੍ਰਹਿਮੰਡ ਹੈ ।

ਮੈਂ ਤਾਂ ਬਿਰਛ ਮਹਾਨ
ਰੰਗਲਾ ਅਤੇ ਸੁਹਾਵਣਾ
ਬਿਰਥਾ ਮੂਲ ਨਾ ਜਾਣ
ਅਣੂ-ਖੰਡ ਵੀ ਧਰਤ ਦਾ ।

ਬੱਝੀ ਵਿਚ ਕਰਤੱਵ
ਹਰ ਵਸਤੂ ਬ੍ਰਹਿਮੰਡ ਦੀ ।
ਪਰ ਤੈਨੂੰ ਅਨੁਭਵ
ਏਸ ਹਕੀਕਤ ਦਾ ਨਹੀਂ ।

ਨਿਕਿਉਂ ਨਿੱਕੀ ਸ਼ੈ,
ਦਾ ਵੀ ਨਿਸ਼ਚਿਤ ਪੱਥ ਹੈ
ਤੁਰਦੇ ਅੰਦਰ ਭੈ
ਚੰਨ, ਸੂਰਜ ਤੇ ਪ੍ਰਿਥਮੀ ।

ਹਿੱਸੇ ਵੰਡੀ ਘਾਲ
ਮੈਨੂੰ ਵੀ ਸੌਂਪੀ ਗਈ ।
ਭਰ ਦਿਆਂ ਰੰਗਾਂ ਨਾਲ
ਝੋਲੀ ਏਸ ਉਜਾੜ ਦੀ ।



Digitized by Panjab Digital Library | www.panjabdigilib.org

ਬੇਸ਼ਕ ਮੇਰਾ ਰੰਗ
ਥੁੜ-ਜੀਵੀ ਤੇ ਕੱਚੜਾ ।
ਬੇਸ਼ਕ ਮੇਰਾ ਕੰਮ
ਅਤ ਨਿੱਕਾ, ਪਰ ਸੱਚੜਾ ।

ਤੈਨੂੰ ਹੈ ਅਭਿਮਾਨ
ਵੱਡੇ ਤੇਰੇ ਕੰਮ ਨੇ
ਪਰ ਹੈ ਮੈਨੂੰ ਗਿਆਨ
ਨਿੱਕੇ ਵਡੇ ਸਮ ਨੇ ।

ਐਸਾ ਬਲੀਆ ਕੌਣ
ਸਾਰਾ ਕੰਮ ਮੁਕਾ ਲਵੇ ?
ਕਿਹੜੀ ਕੱਲੀ ਧੌਣ
ਬ੍ਰਹਿਮੰਡ ਨੂੰ ਜੋ ਚਾ ਲਵੇ ?

ਮੈਂ ਨਿੱਕਾ ਕਲਿਆਨ
ਮੇਰੀ ਨਿੱਕੇ ਕੰਮ ਵਿਚ ।
ਸੂਰ ਜਿਹਾ ਬਲਵਾਨ
ਰੰਗੇ ਅੱਧੀ ਧਰਤ ਹੀ ।



Digitized by Panjab Digital Library | www.panjabdigilib.org

# ਗ਼ਜ਼ਲਾਂ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

## ਇਕ

ਅਜ ਦਿਲ ਸਾਡਾ ਫੇਰ ਆਕੀ ਹੈ,
ਆਪੇ ਪੀ ਲਾਂਗੇ ਜੇ ਨਾ ਸਾਕੀ ਹੈ ।

ਦੇਸ ਨੂਰਾਨੀਆਂ ਦੇ ਪਹੁੰਚ ਗਿਆ,
ਹੋਇਆ ਕੀ ਆਦਮੀ ਜੇ ਖ਼ਾਕੀ ਹੈ ।

ਇਕ ਪੁਰਾਣਾ ਅਖਾਣ ਸੱਚ ਹੋਇਆ,
ਲਾਈ ਬੰਦੇ ਗਗਨ ਨੂੰ ਟਾਕੀ ਹੈ ।

ਸਾਡੇ ਵਿਚੋਂ ਹੀ ਰਿੰਦ ਕੋਈ ਜਾਪੇ,
ਨੀਲੇ ਤੇ ਮਾਰੀ ਜਿਸ ਪਲਾਕੀ ਹੈ ।

ਮੋਮਨਾ ਜਾਗ ! ਇਕ ਕਾਫ਼ਿਰ ਨੇ,
ਤੇਰੇ ਜੰਨਤ ਦੀ ਭੰਨੀ ਤਾਕੀ ਹੈ ।

ਖੱਸ ਨਾ ਹੱਥੋਂ ਪਿਆਲਾ ਤ੍ਰੈ-ਅੱਗਾ,
ਮੇਰੇ ਵ੍ਰਿਚ ਜਾਨ ਹਾਲੇ ਬਾਕੀ ਹੈ ।



Digitized by Panjab Digital Library | www.panjabdigilib.org

## ਦੋ

ਹਾਲੇ ਉਸ ਦਾ ਖ਼ਿਆਲ ਬਾਕੀ ਹੈ,
ਵਿਚ ਬਦਖ਼ਸ਼ਾਂ ਦੇ ਲਾਲ ਬਾਕੀ ਹੈ ।

ਜ਼ੋਰ ਤਲਵਾਰ ਦਾ ਹਾਂ ਦੇਖ ਚੁਕੇ,
ਢਾਲ ਅਮਨਾਂ ਦੀ ਹਾਲ ਬਾਕੀ ਹੈ ।

ਮੰਨਿਆ ਅਕਲ ਦੀ ਹੈ ਪਹੁੰਚ ਬੜੀ,
ਨਾ ਗਗਨ ਨਾ ਪਤਾਲ ਬਾਕੀ ਹੈ ।

ਪਰ ਅਜੇ ਤਾਂ ਅਦੇਸ਼ ਕਢਣਾ ਹੈ,
ਪਰ ਅਜੇ ਤਾਂ ਅਕਾਲ ਬਾਕੀ ਹੈ ।

ਕੀ ਹੈ ? ਬੇਸ਼ੱਕ ਕੁਝ ਹਾਂ ਜਾਣ ਸਕੇ,
ਕਿਉਂ ਹੈ ? ਪਰ ਇਹ ਸਵਾਲ ਬਾਕੀ ਹੈ ।

ਪਛੜ ਕੇ ਪੁੱਜੇ ਹਾਂ ਬਹੁਤ ਯਾਰੋ,
ਦੇਖਣਾ ਜੇ ਰਵਾਲ ਬਾਕੀ ਹੈ ।



Digitized by Panjab Digital Library | www.panjabdigilib.org

## ਤਿੰਨ

ਕਿਹੜਾ ਲਭ ਸਿਰਾ ਸਕਿਆ
ਜ਼ਿੰਦਗੀ ਦੇ ਰਾਹਵਾਂ ਦਾ।
ਹਰ ਪੜਾ ਸੁਨੇਹਾ ਹੈ
ਅਗਲਿਆਂ ਪੜਾਵਾਂ ਦਾ।

ਤੋੜ ਲੰਘ ਗਿਆ ਦੇਖੋ
ਧਰਤ ਦੀ ਤੜਾਗੀ ਨੂੰ
ਕੋਈ ਹੱਦ ਬੰਨਾ ਹੈ
ਇਸ਼ਕ ਦੇ ਸੁਦਾਵਾਂ ਦਾ ?

ਧਰਤ ਜਿੱਥੇ ਮੁੱਕ ਜਾਂਦੀ
ਰੰਗਾਂ ਦੀ ਝਨਾਂ ਵਹਿੰਦੀ
ਪਰ ਕੋਈ ਰੰਝੇਟਾ ਹੀ
ਪਾਵੇ ਮੁੱਲ ਝਨਾਵਾਂ ਦਾ।


Digitized by Panjab Digital Library | www.panjabdigilib.org

ਜਿਹੜੇ ਹਿੰਮਤਾਂ ਵਾਲੇ
ਚੀਰਦੇ ਪੁਲਾੜਾਂ ਨੂੰ
ਚੰਨ ਦਾ ਟੁਕ ਖਾਂਦੇ ਨੇ
ਭਰ ਕੇ ਘੁਟ ਸ਼ੁਆਵਾਂ ਦਾ ।

ਤਾਰਿਆਂ ਦੇ ਤਖ਼ਤ ਉਤੇ
ਮਾਣ ਨਾਲ ਬਹਿੰਦੇ ਨੇ
ਸਿਰ ਦੇ ਉੱਤੇ ਧਰਦੇ ਨੇ
ਤਾਜ ਕਹਿਕਸ਼ਾਵਾਂ ਦਾ ।

ਕੱਢ ਲਏ ਨੇ ਸਾਗਰ 'ਚੋਂ
ਕਿਰਤੀਆਂ ਰਤਨ ਚੌਦਾਂ
ਹੋਰ ਚੌਦਾਂ ਕੱਢ ਲੈਣੇ
ਮੱਥ ਕੇ ਸ਼ਹੁ ਖ਼ਲਾਵਾਂ ਦਾ ।

ਛੱਡ ਕੇ ਧਰਤ ਦਾ ਕੰਢਾ
ਕੁੱਦੇ ਜੋ ਪੁਲਾੜਾਂ ਵਿਚ
ਉਠ ਕੇ ਲੈਣ ਜੋਗਾ ਹੈ
ਨਾਂ ਉਨ੍ਹਾਂ ਮਲਾਹਵਾਂ ਦਾ ।



Digitized by Panjab Digital Library | www.panjabdigilib.org

## ਚਾਰ

ਮੱਠੀ ਜੇ ਜਾਪਦੀ ਏ ਇਸ਼ਕ ਦੀ ਦੌੜ,
ਤੀਰ ਦੇ ਨਾਲ ਖੰਭ ਉਕਾਬ ਦਾ ਜੋੜ ।

ਆਹ ਦੇ ਵਿਚ ਰਲਾ ਕੋਈ ਸ਼ੁਅਲਾ,
ਹੰਝੂਆਂ ਵਿਚ ਹੋਰ ਖ਼ੂਨ ਨਚੋੜ ।

ਤਿਲ੍ਹਕ ਕੇ ਦਿਹੁੰ ਨਿਕਲ ਗਿਆ ਹੱਥੋਂ,
ਲੰਘ ਗਈ ਰਾਤੜੀ ਵੀ ਢਾਕ ਮਰੋੜ ।

ਮਿੱਠਾ ਦ੍ਰਿਸ਼ ਕੋਈ ਨਾ ਤੱਕਣ ਦੇਂਦਾ,
ਰਾਤ ਦਿਹੁੰ ਦਾ ਇਹ ਘੋੜਾ ਅੱਥਰਾ ਕੋੜ ।

ਰੰਗਲੀ ਧਰਤੀ ਸੁਹਾਵਣਾ ਆਕਾਸ਼,
ਮਾਣ ਮੱਤਿਆ ਘੜੀ ਤਾਂ ਮਾਣ ਨੂੰ ਛੋੜ ।



Digitized by Panjab Digital Library | www.panjabdigilib.org

ਨਾ ਸਹੀ ਫੁੱਲ, ਕੋਈ ਪੱਤ ਹੀ ਸਹੀ,
ਉਮਰ ਦੀ ਟਹਿਣੀ ਨੂੰ ਹੈ ਕੁਝ ਤਾਂ ਲੋੜ ।

ਆਖਣੀ ਬੁੱਲ੍ਹੇ ਦੀ ਹੈ ਠੀਕ, ਮਗਰ,
ਕੌਣ ਸਕਿਆ ਦਿਲੇ ਦੀ ਵਾਗ ਨੂੰ ਮੋੜ ।



Digitized by Panjab Digital Library | www.panjabdigilib.org

## ਪੰਜ

ਚੜ੍ਹ ਮੇਘਲੇ ਦੀ ਘੋੜੀ 'ਤੇ
ਕਣੀਆਂ ਦੀ ਜੋੜ ਜੰਞ,
ਧਰਤੀ ਨੂੰ ਵਰਨ ਆ ਗਿਆ
ਸਾਵਣ ਸੁਹਾਵਣਾ ।

ਕਣੀਆਂ ਨੇ ਨਾਲ ਮਣੀਆਂ ਦੇ
ਬੁੱਕ ਫੁੱਲਾਂ ਦੇ ਭਰੇ,
ਅਜ ਵੀ ਨਾ ਆਇਉਂ ਜ਼ਾਲਿਮਾਂ
ਫਿਰ ਕਦ ਈ ਆਵਣਾ ।

ਖ਼ੁਮ 'ਚੋਂ ਸੁਰਾਹੀ ਵਿਚ,
ਸੁਰਾਹੀਓਂ ਪਿਆਲੇ ਵਿਚ,
ਏਨੇ ਵਸੀਲੇ ਪਾ ਕੇ ਕੀ
ਪੀਣਾ ਪਿਲਾਵਣਾ ।



Digitized by Panjab Digital Library | www.panjabdigilib.org

ਨਿਥਰੀ ਨਹੀਂ ਤਾਂ ਆਉਣ ਦੇ
ਸਣਗੁੱਦੜੀ ਸ਼ਰਾਬ,
ਹਛਿਆ, ਨਾ ਹੱਛਾ ਹੱਛੇ ਕੰਮ
ਵਿਚ ਦੇਰ ਲਾਵਣਾ ।

ਔਹ, ਮੇਘਲੇ ਨੂੰ ਕਪ ਗਈ
ਬਿਜਲੀ ਦੀ ਦਾਤਰੀ,
ਸਾਡੇ ਗ਼ਮਾਂ ਦੀ ਫ਼ਸਲ 'ਤੇ
ਕਦ ਮੁਸਕਰਾਵਣਾ ?

ਆਵੇ ਤੇ ਆਉਣ ਸਾਰ ਹੀ
ਗੱਲ ਜਾਣ ਦੀ ਕਰੇ,
ਆਖ਼ਰ ਉਹਨਾਂ ਦੀ ਯਾਦ ਨੇ
ਉਹਨਾਂ ਤੇ ਜਾਵਣਾ ।



Digitized by Panjab Digital Library | www.panjabdigilib.org

## ਛੇ

ਆਪੇ ਹੀ ਗੱਲ ਚਲਾਈ ਜੇ
ਸਾਵਣ ਤੇ ਫੂਹਰ ਦੀ,
ਰਾਹ ਵਿਚ ਨਾ ਤਾਰ ਤੋੜਨੀ
ਸਾਡੇ ਸਰੂਰ ਦੀ ।

ਅੱਖਾਂ ਦੇ ਵਿਚ ਹੰਝੂ ਤੇ
ਹੋਠਾਂ ਤੇ ਮੁਸਕਰਾਨ,
ਅੱਗੋਂ ਕਿਸ ਤਰ੍ਹਾਂ ਸਤਾਣ ਦੀ
ਮਰਜ਼ੀ ਹਜ਼ੂਰ ਦੀ ?

ਮੁੜ ਮਿਹਰਬਾਨ ਤੱਕਣੀਆਂ
ਤੇ ਸ਼ਹਿਦ-ਭਿੱਜੇ ਬੋਲ,
ਅੱਲਾ ਨੇ ਸ਼ਾਨ ਰੱਖ ਲਈ
ਸਾਡੇ ਗ਼ਰੂਰ ਦੀ ।



Digitized by Panjab Digital Library | www.panjabdigilib.org

ਵਿਛੜਨ ਦੇ ਵਾਂਗ ਮਿਲਣ ਦੀ
ਰਹਿੰਦਾ ਹੈ ਬੇ-ਕਰਾਰ
ਵਿੱਥ ਮੇਟ ਦਿਤੀ ਇਸ਼ਕ ਨੇ
ਨੇੜੇ ਤੇ ਦੂਰ ਦੀ ।

ਇਕ ਇਕ ਤਜੱਲੀ ਉਤੇ
ਸੌ ਸੌ ਵਾਰ ਹਾਂ, ਮਰੇ,
ਹੁੱਗਣ ਨੂੰ ਹੁੱਗ ਗਈ ਏ ਗੱਲ
ਮੂਸਾ ਤੇ ਤੂਰ ਦੀ ।

ਨਾਬਰ ਹੈ ਕੌਣ ਦਿਲ ਤੋਂ ਪਰ
ਅਥਰਾ ਹੈ ਇਹ ਜਨੌਰ,
ਪਾ ਲੈਣੀ ਇਸ ਤੇ ਚੰਗੀ ਏ
ਕਾਠੀ ਸ਼ਊਰ ਦੀ ।



Digitized by Panjab Digital Library | www.panjabdigilib.org

## ਸੱਤ

ਥਾਂ ਆਪਣੀ 'ਤੇ ਚੰਗੀਆਂ
ਨੇ ਮਿਹਰਬਾਨੀਆਂ,
ਮੁੜ ਮੁੜ ਕੇ ਯਾਦ ਆਂਦੀਆਂ
ਨਾ-ਮਿਹਰਬਾਨੀਆਂ ।

ਕਿਉਂ ਹੋ ਗਏ ਨੇ ਲੋੜ ਤੋਂ
ਵਧ ਮਿਹਰਬਾਨ ਬੋਲ ?
ਕਿਉਂ ਜ਼ਹਿਰ ਦੀ ਥਾਂ ਸ਼ਹਿਦ
ਵਿਚ ਭਿੱਜੀਆਂ ਨੇ ਕਾਨੀਆਂ ?

ਸੁਣਿਆ, ਸਿਆਣੀ ਗੱਲ ਦਾ
ਵੀ ਮੁੱਲ ਹੈ ਬੜਾ,
ਪਰ ਮੁੱਲੋਂ ਸਨ ਪਰੇਡੀਆਂ
ਅੱਲ੍ਹੜ ਨਦਾਨੀਆਂ ।



Digitized by Panjab Digital Library | www.panjabdigilib.org

ਕਿਹੜਾ ਲਿਅਵੇ ਮੋੜ ਕੇ
ਘੜੀਆਂ ਜਨੂੰ ਦੀਆਂ ?
ਕਿਥੋਂ ਵਿਛ'ਈਏ ਪੈਰਾਂ ਵਿਚ
ਅਣਮੁਕ ਵੀਰਾਨੀਆਂ ?

ਸਾਨੂੰ ਤਾਂ ਮੁੜ ਪਿਆਓ ਇਕ
ਜੀਵਨ ਦਾ ਕੌੜਾ ਘੁਟ,
ਆਵਣ ਤਬੀਅਤਾਂ ਦੇ ਵਿਚ
ਮੁੜ ਕੇ ਜੌਲਾਨੀਆਂ ।

ਕਿਨ੍ਹਾਂ ਬੁਲੰਦੀਆਂ ਤੋਂ ਕਿਥੇ
ਆਣ ਹਾ ਡਿਗੇ,
ਰਿੰਦੀ ਦੀ ਓਜ ਕਿੱਥੇ,
ਕਿੱਥੇ ਰਾਜ਼ਦਾਨੀਆਂ ।

ਹੋਵੇਗਾ ਸਹਿਜ ਪ੍ਰੀਤ ਦਾ
ਦਰਜਾ ਵੀ ਕੁਝ ਜ਼ਰੂਰ
ਅੰਬਾਂ ਦੀ ਭੁੱਖ ਅੰਬਾਕੜੀ
ਲਾਹਵੇ ਨਾ ਜਾਨੀਆਂ ।



Digitized by Panjab Digital Library | www.panjabdigilib.org

## ਅੱਠ

ਮਾਰੂ ਨ੍ਹੇਰੀ ਬਿਰਹੋਂ ਦੀ ਚੱਲਦੀ ਏ ।
ਲਾਟ ਜਿੰਦੜੀ ਦੀ ਫਿਰ ਵੀ ਬਲਦੀ ਏ ।

ਦਿਲ ਉਨ੍ਹਾਂ ਦਾ ਅਜੇ ਨਹੀਂ ਢਲਿਆ
ਟਿੱਕੀ ਸੂਰਜ ਦੀ ਰੋਜ਼ ਢਲਦੀ ਏ ।

ਠੱਪ ਦਿੱਤੀ ਏ ਜ਼ਿੰਦਗੀ ਦੀ ਕਿਤਾਬ
ਯਾਦ ਕਿਉਂ ਵਰਕੇ ਫਿਰ ਉਥੱਲਦੀ ਏ ?

ਆ ਕੇ ਬੋਲੇ "ਮੈਂ ਆਖਿਆ ਤੱਕ ਖਾਂ
ਬੁਝ ਗਈ ਅੱਗ ਯਾ ਕਿ ਬਲਦੀ ਏ ।"

ਜਿੰਦ ਇਕ, ਭਾਰ ਦੋ ਜਹਾਨਾਂ ਦਾ
ਤੰਦ ਪਈ ਪਰਬਤਾਂ ਨੂੰ ਝੱਲਦੀ ਏ ।



Digitized by Panjab Digital Library | www.panjabdigilib.org

ਭਾਵੇਂ ਟੁੱਟਿਆਂ ਵਰ੍ਹੇ ਨੇ ਬੀਤ ਗਏ
ਪਰ ਨਜ਼ਰ ਆਵੇ ਗੱਲ ਕਲ੍ਹ ਦੀ ਏ ।

ਗਲੇ ਇਕ ਵਾਰ ਲੱਗ ਕੇ ਰੋਏ ਸਾਂ,
ਸਾਨੂੰ ਬਸ ਲਾਜ ਇਕੋ ਗੱਲ ਦੀ ਏ ।

ਸਾਡਾ ਕੰਮ ਹੈ ਸੰਵਾਰਨਾ ਘਰ ਨੂੰ
ਆਪੇ ਆ ਜਾਣਗੇ ਕੀ ਜਲਦੀ ਏ ।



Digitized by Panjab Digital Library | www.panjabdigilib.org

## ਨੌਂ

ਨਾ ਮੁੱਕ ਜਾਵੇ ਬੁੱਤਾਂ ਤਕ ਅਪੜ ਕੇ
ਪਿਆਰ ਦਾ ਰਾਹ ।
ਬੜਾ ਅਗਮ ਤੇ ਅਗੋਚਰ ਹੈ
ਇੰਤਜ਼ਾਰ ਦਾ ਰਾਹ ।

ਬਹੁਤ ਹੀ ਨੇੜੇ ਦੀ ਹੈ ਚੀਜ਼
ਕੂਏ ਯਾਰ ਦਾ ਰਾਹ ।
ਹੈ ਇਸ ਤੋਂ ਬਹੁਤ ਅਗੇਰੇ
ਰਸਨ ਤੇ ਦਾਰ ਦਾ ਰਾਹ ।

ਹੈ ਪੁੱਜਾ ਇਸ਼ਕ ਬਹੁਤ ਦੂਰ
ਆਪਣੇ ਪੈਂਡੇ 'ਤੇ
ਮਗਰ ਅਜੇ ਵੀ ਪਿਆ ਓਸ ਨੂੰ
ਵੰਗਾਰਦਾ ਰਾਹ ।



Digitized by Panjab Digital Library | www.panjabdigilib.org

ਬੜਾ ਹੀ ਸੌੜਾ ਜਗਤ
ਰੰਗਾਂ ਤੇ ਸੁਗੰਧਾਂ ਦਾ
ਉਕਾਬ ਜਾਣਦਾ ਕੀ ਹੁੰਦਾ
ਕੋਹਸਾਰ ਦਾ ਰਾਹ ।

ਜੇ ਬਿਖੜਾ ਪੈਂਡਾ ਬਹੁਤ ਸੀ
ਜਨੂੰ ਤੇ ਮਸਤੀ ਦਾ
ਨਾ ਘਟ ਕਟੀਲਾ ਤੇ ਦੁਰਗਮ ਹੈ
ਹੋਸ਼ਿਆਰ ਦਾ ਰਾਹ ।

ਅਜੇ ਤਾਂ ਤੋੜਨੇ ਬਾਕੀ ਨੇ
ਦੁਰਗ ਗਗਨਾਂ ਦੇ ।
ਅਜੇ ਤਾਂ ਲੋੜਨਾ ਬਾਕੀ ਹੈ
ਗਗਨੋਂ ਪਾਰ ਦਾ ਰਾਹ ।

ਜੋ ਛੁੰਡ ਕੇ ਕੁਤਬ ਦੀ ਕਿੱਲੀ ਨੂੰ
ਅੱਗੇ ਲੰਘ ਜਾਵੇ
ਜਹਾਨ ਦੇਖੇ ਪਿਆ ਓਸ
ਸ਼ਾਹ ਸਵਾਰ ਦਾ ਰਾਹ ।



Digitized by Panjab Digital Library | www.panjabdigilib.org

## ਦਸ

ਹਾਲੇ ਵੀ ਦਿਲ ਨਾ ਛੋੜਦਾ
ਪੱਲਾ ਮੁਰਾਦ ਦਾ ।
ਕਰੀਏ ਅਸੀਂ ਇਲਾਜ ਕੀ
ਇਸ ਨਾਮੁਰਾਦ ਦਾ ।

"ਖ਼ਾਲੀ ਪਿਆਲਾ ਹੋਰਾਂ ਨੂੰ
ਤੈਨੂੰ ਦਿਤੀ ਸ਼ਰਾਬ"
ਮੁੱਲ ਤਾਰਿਆ ਨਾ ਜਾਂਵਦਾ
ਉਹਨਾਂ ਦੀ ਦਾਦ ਦਾ ।

ਹੋਇਆ ਹਨੇਰ ਸੰਘਣਾ
ਜਿਉਂ ਢੋਡ ਕਾਂ ਦੀ ਅੱਖ,
ਭਰ ਕੇ ਕੋਈ ਪਿਆਲਾ ਦੇ
ਯਾਰਾ ਸੁਆਦ ਦਾ ।



Digitized by Panjab Digital Library | www.panjabdigilib.org

ਗੁਸਤਾਖ਼ੀ ਸਾਥੋਂ ਹੋ ਗਈ
ਅੱਜ ਪੀ ਕੇ ਚਾਰ ਘੁੱਟ,
ਫੜ ਕੇ ਅਸਾਂ ਹੈ ਚੁੰਮ ਲਿਆ
ਮੂੰਹ ਤੇਰੀ ਯਾਦ ਦਾ ।

ਤੇਰੀ ਸਲਾਹ ਹੈ 'ਹਾਲ' ਵੀ
ਅਪਣਾ ਗੰਵਾ ਲਵਾਂ,
ਕਜ਼ੀਆ ਲੰਮੇਰਾ ਛੇੜ ਕੇ
ਮੈਂ ਅੰਤ ਆਦ ਦਾ ।


Digitized by Panjab Digital Library | www.panjabdigilib.org

## ਗਿਆਰਾਂ

ਆਖ਼ਰ ਸੀ ਅਸਰ ਹੋਵਣਾ
ਕੁਝ ਤਾਂ ਬਹਾਰ ਦਾ,
ਸਾਡੇ ਵੀ ਵਿਹੜੇ ਖਿੜ ਪਿਆ
ਫੁੱਲ ਇੰਤਜ਼ਾਰ ਦਾ ।

ਜੀਵਨ ਸੀ ਇੱਕੋ, ਪਹਿਲ਼ੀ ਹੀ
ਬਾਜ਼ੀ 'ਚ ਹਾਰਿਆ,
ਹਾਏ ! ਜੇ ਹੋਰ ਹੋਵੰਦੇ
ਰੱਜ ਕੇ ਤਾਂ ਹਾਰਦਾ ।

ਬੇਚੈਨ ਨਗ਼ਮੇਂ ਸੌਂ ਗਏ
ਇਕ ਛੁਹ ਨੂੰ ਤਰਸਦੇ,
ਸਾਜ਼ਿੰਦਾ ਮੁੜ ਨਾ ਪਰਤਿਆ
ਜਿੰਦ ਦੀ ਸਿਤਾਰ ਦਾ ।



Digitized by Panjab Digital Library | www.panjabdigilib.org

ਖਾ ਕੇ ਹਜ਼ਾਰ ਝਟਕੇ ਵੀ
ਹਾਲੀ ਨਾ ਟੁੱਟਿਆ,
ਹਾਂ ਸੋਚਦਾ ਕਿ ਕੈਸਾ ਇਹ
ਰਿਸ਼ਤਾ ਪਿਆਰ ਦਾ ।

ਫੁੱਲ-ਹਿੱਕ ਵਿਚ ਜੰਮੀ ਪਲੀ
ਖ਼ੁਸ਼ਬੂ ਜਾਂ ਉਡ ਗਈ,
ਇਹਸਾਸ ਹੋਇਆ ਫੁੱਲ ਨੂੰ
ਰੰਗਾਂ ਦੇ ਭਾਰ ਦਾ ।



Digitized by Panjab Digital Library | www.panjabdigilib.org

## ਬਾਰਾਂ

ਚਾਹਾਂ ਤਾਂ ਪਾਵੇ ਨਾਲ ਅਪਣੇ
ਮੈਂ ਬੰਨ੍ਹ ਕੇ ਕਾਲ ਬਹਾਲ ਲਵਾਂ ।
ਇਸ ਚਪਲ ਸਮੇਂ ਦੇ ਘੋੜੇ ਤੇ
ਜੇ ਤੈਨੂੰ ਕਿਵੇਂ ਬਠਾਲ ਲਵਾਂ ।

ਜਦ ਵੀ ਹੈ ਤੇਰੀ ਗੱਲ ਛਿੜਦੀ,
ਧੜਕਣ ਵਧ ਜਾਂਦੀ ਹੈ ਦਿਲ ਦੀ,
ਡਕ ਲਾਂ ਭਾਵੇਂ ਦਰਿਆਵਾਂ ਨੂੰ
ਤੇ ਮੁੱਠੀ ਵਿਚ ਭੁਚਾਲ ਲਵਾਂ ।

ਮੈਂ ਕਿਹਾ ਕੀਮੀਆਗਰ ਹੋਇਆ
ਜੋ ਤੈਨੂੰ ਨਾ ਪਿਘਲਾ ਸਕਿਆ,
ਭਾਵੇਂ ਦਿਲ ਦੀ ਕੁਠਿਆਲੀ ਵਿਚ
ਚੰਨ ਸੂਰਜ ਨੂੰ ਪੰਘਰਾਲ ਲਵਾਂ ।



Digitized by Panjab Digital Library | www.panjabdigilib.org

ਬਹਿ ਗਿਆ ਹਾਰ ਕੇ ਕੰਢੇ ਤੇ
ਜਦ ਦਿਲ ਦੀ ਹਾਥ ਨਾ ਲੈ ਸਕਿਆ,
ਉਂਜ ਮਥ ਕੇ ਸੱਤ ਸਮੁੰਦਰਾਂ ਨੂੰ
ਮੈਂ ਚੌਦਾਂ ਰਤਨ ਹੰਗਾਲ ਲਵਾਂ ।

ਗਗਨਾਂ ਦੇ ਘੁੰਮਦੇ ਚਕ ਉਤੋਂ,
ਘੁਮਿਆਰ ਨੇ ਭਾਂਡਾ ਲਾਹ ਧਰਿਆ,
ਆਥਣ ਨੇ ਲਾਲ ਸ਼ਰਾਬ ਭਰੀ,
ਜੇ ਹੋਵੇਂ ਨਾਲ ਪਿਆਲ ਲਵਾਂ ।

ਮੰਨਿਆ ਸੋਭਾ ਤ੍ਰੈਲੋਕੀ ਦੀ
ਇਸ ਹੁਣ ਦੇ ਵਿਚ ਹੈ ਆਣ ਜੁੜੀ,
ਇਸ ਹੁਣ ਦੀ ਘੜੀ ਸੁਲੱਖਣੀ ਨੂੰ
ਮੈਂ ਕੱਲਿਆਂ ਕਿਵੇਂ ਸੰਭਾਲ ਲਵਾਂ ।



Digitized by Panjab Digital Library | www.panjabdigilib.org

# ਮਦਨ ਤੇ ਕਾਮਦੀ

ਇਕ ਫ਼ਾਰਸੀ ਕਵਿਤਾ
ਦਾ ਖੁਲ੍ਹਾ ਅਨੁਵਾਦ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਰੰਗ ਮਹਿਫ਼ਲ ਦਾ ਬੱਝਿਆ,
ਸੁਣ ਸ਼ਾਹੀ ਫ਼ਰਮਾਨ,
ਨਾਲ ਖ਼ੁਸ਼ੀ ਦੇ ਹੋ ਗਏ ਪੁਲਕਿਤ ਸਭ ਮਹਿਮਾਨ ।

ਗੀਤ ਖ਼ੁਸ਼ੀ ਤੇ ਪ੍ਰੇਮ ਦੇ
ਲੱਗੇ ਗਾਣ ਕਵਾਲ,
ਸ਼ਾਹੀ ਧੌਲਰ ਗੂੰਜਿਆ ਸਾਜ਼ਾਂ ਦੀ ਧੁੰਨ ਨਾਲ ।

ਸਹਿਕ ਸਿਕੰਦੜਾ ਆ ਗਿਆ
ਦਿਨ ਉਹ ਆਖ਼ਰਕਾਰ,
ਜਿਸ ਦਿਨ ਮਦਨ ਕਵਾਲ ਨੇ ਮਹਿਫ਼ਲ ਦੇ ਵਿਚਕਾਰ,

ਚੰਚਲ ਪੁਤਲੀ ਨਾਚ ਦੀ,
ਸ਼ੋਖ਼ ਕਾਮਦੀ ਨਾਲ,
ਨਾਚ ਅਤੇ ਸੰਗੀਤ ਦੇ ਦਸਣੇ ਸੀਗ ਕਮਾਲ ।



Digitized by Panjab Digital Library | www.panjabdigilib.org

ਦਿਲ ਦੀ ਗੁੱਝੀ ਭਾਹ ਦੀ
ਚਾੜ੍ਹ ਕਲਾ ਤੇ ਪਾਹ,
ਕਿਉਂਕਿ ਕਲਾ ਤੇ ਇਸ਼ਕ ਦੇ ਨਹੀਂਗੇ ਵਖਰੇ ਰਾਹ ।

ਖ਼ਬਰੇ ਕੀ ਹੈ ਹੋਵਣਾ,
ਦਰਸ਼ਕ ਕਰਨ ਖ਼ਿਆਲ,
ਨੈਣ ਉਨ੍ਹਾਂ ਦੇ ਰੰਗਲੇ ਨਿੰਮ੍ਹੇ ਚਾਨਣ ਨਾਲ ।

ਸਖਣਾ ਕੀਤਾ ਮਦਨ ਨੇ
ਪਹਿਲਾ ਹੀ ਜਦ ਜਾਮ,
ਅਧਭੁਤ ਕਿਸੇ ਜਹਾਨ ਵਿਚ ਕੀਤਾ ਓਸ ਮਕਾਮ ।

ਕੁੱਠਾ ਹੀ ਕੋਈ ਪ੍ਰੇਮ ਦਾ
ਪੁਜਦਾ ਜਿਥੋਂ ਤੀਕ,
ਸੂਖਮ ਜਿਸ ਦੀ ਆਤਮਾ ਜਿਉਂ ਚਾਨਣ ਦੀ ਲੀਕ ।

ਆਖ਼ਰ ਉਠ ਕੇ ਖੜ ਗਿਆ
ਗਾਇਕਾਂ ਦਾ ਸਰਦਾਰ,
ਤਾਂ ਜੋ ਆਪਣੇ ਕਸਬ ਦਾ ਦਿਖਲ਼ਾਵੇ ਚਮਕਾਰ ।

ਮਹਿਫ਼ਲ ਦੇ ਵਿਚ ਖਲਾ ਉਹ
ਸੂਤੀ ਜਿਵੇਂ ਕਟਾਰ,
ਜਾਣੋ ਕਿਸੇ ਗੰਧਰਬ ਨੇ ਕੀਤਾ ਆਣ ਉਤਾਰ ।

ਦੋਹਾਂ ਦੇ ਵਲ ਮੁੜੇ ਸਨ
ਸਭ ਅੱਖਾਂ ਤੇ ਕੰਨ,
ਜਾਣੋ ਬੁੱਤ ਤੇ ਜੁੜੇ ਸਨ ਮਹਿਮਾਨਾਂ ਦੇ ਮਨ ।



Digitized by Panjab Digital Library | www.panjabdigilib.org

ਲੰਬਾ ਬੁੱਤ ਛਰੀਟਕਾ
ਜਿੱਦਾਂ ਜੰਗਲੀ ਨਾੜ,
ਰਾਸ ਓਸ ਦੇ ਰੂਪ ਦੀ ਕੋਈ ਨਾ ਸਕੇ ਹਾੜ ।

ਸ਼ਾਹ ਦੇ ਸਨਮੁਖ ਖੜਾ ਸੀ
ਮਹਿਫ਼ਲ ਦੇ ਵਿਚਕਾਰ,
ਜਿਸ ਦਾ ਸਭ ਤੋਂ ਵਧ ਕੇ ਉਹੀਉ ਸੀ ਸ਼ਿੰਗਾਰ ।

ਅਚਲ ਅਹਿਲ ਉਹ ਖੜਾ ਸੀ
ਮੌਤ ਜਿਹੀ ਚੁੱਪ ਧਾਰ,
ਚਲਦੀ ਨਜ਼ਰ ਨਾ ਆਉਂਦੀ ਸਵਾਸਾਂ ਦੀ ਵੀ ਤਾਰ ।

ਫਿਰ ਵੀ ਉਸ ਨੇ ਰਖਿਆ
ਸਾਹ ਸਭਨਾਂ ਦਾ ਬੰਦ
ਭਾਵੇਂ ਅਜੇ ਸੰਗੀਤ ਦੀ ਛੱਥੀ ਇਕ ਨਾ ਤੰਦ ।

ਏਦਾਂ, ਵਿਚ ਲਟਕਾਓ ਦੇ
ਦਰਸ਼ਕ ਰਹੇ ਉਡੀਕ,
ਕਦ ਨਿਕਲੇ ਸੁਰ ਰਾਗ ਦੀ ਕੋਮਲ ਅਤੇ ਬਰੀਕ ।

ਨਾਲ ਚੁੱਪ ਕਿਉਂ ਉਨ੍ਹਾਂ ਦਾ
ਸਬਰ ਰਿਹਾ ਅਜ਼ਮਾ ?
ਕਿਹੜੇ ਟੂਣੇ ਵਿਚ ਉਹ ਮਹਿਫ਼ਲ ਰਿਹਾ ਵਲਾ ?

ਛਾਇਆ ਉੱਪਰ ਦਰਸ਼ਕਾਂ
ਇਕ ਵਚਿੱਤਰ ਭੈ,
ਐਸਾ ਅਚਲ, ਅਹਿਲ ਉਹ, ਐਸਾ ਅਗਤ ਅਲੈ ।



Digitized by Panjab Digital Library | www.panjabdigilib.org

ਆਖ਼ਰ ਕੱਢੀ ਓਸ ਨੇ,
ਤੱਤੀ ਇਕ ਹਵਾੜ,
ਛੱਤ, ਕੰਧਾਂ ਤੇ ਫ਼ਰਸ਼ ਨੂੰ ਦਿਤਾ ਜਿਸ ਨੇ ਸਾੜ ।

ਸ਼ੁਅਲੇ ਵਾਂਗੂ ਭੜਕਦੀ
ਤੱਤੀ ਉਸ ਦੀ ਆਹ,
ਸਾਰੇ ਰੰਗਲੇ ਮਹਿਲ ਨੂੰ ਗਈ ਚਵਾਤੀ ਲਾ ।

ਆਖ਼ਰ ਖੋਲ੍ਹੇ ਮਦਨ ਨੇ
ਕੋਮਲ ਅਪਣੇ ਬੁੱਲ੍ਹ,
ਜਾਪਿਆ ਝੱਖੜ ਜ਼ੋਰ ਦਾ ਗਿਆ ਸਿਰਾਂ ਤੇ ਝੁੱਲ ।

ਏਥੋਂ ਤਾਈਂ ਹੋ ਗਏ
ਦਰਸ਼ਕ ਸਭ ਹੈਰਾਨ,
ਜਾਣੋ ਡੋਲੀ ਪਿਰਥਮੀ, ਝੂਲ ਗਏ ਅਸਮਾਨ ।

ਦੂਜੀ ਵਾਰੀ ਓਸ ਨੇ
ਖੋਲ੍ਹੇ ਹੋਠ ਗੁਲਾਬ,
ਜਾਣੋ ਸੱਚਾ ਹੋ ਗਿਆ ਮਹਿਮਾਨਾਂ ਦਾ ਖ਼ਾਬ ।

ਗਾ ਸਕਿਆ ਨਾ ਕੋਈ ਵੀ
ਅਜ ਤਕ ਓਸ ਸਮਾਨ,
ਇਉਂ ਲੱਗਾ ਇਕ ਵਾਰਗੀ ਕਈ ਜਣੇ ਪਏ ਗਾਣ ।

ਲੱਗੇ ਉਸ ਦੀ ਆਤਮਾ
ਨਿਰਾ ਪੁਰਾ ਸੰਗੀਤ,
ਰੋਮ ਰੋਮ ਸੀ ਓਸ ਦਾ ਵਿੱਝਾ ਵਿਚ ਪਰੀਤ ।


Digitized by Panjab Digital Library | www.panjabdigilib.org

ਹਰ ਇਕ ਉਸ ਦੀ ਤਾਨ ਸੀ
ਵਖਰਾ ਇਕ ਜਹਾਨ,
ਮਸਤ ਸਰੋਤੇ ਝੂਮਦੇ ਉਡ ਚੜ੍ਹੇ ਅਸਮਾਨ ।

ਜਿਉਂ ਜਿਉਂ ਤਾਰਾਂ ਚੰਗ ਦੀਆਂ
ਉਤੋਂ ਫੇਰੇ ਹੱਥ
ਲਗੇ, ਉਡਾਈ ਜਾ ਰਿਹਾ ਜਿਉਂ ਜਾਦੂ ਦਾ ਰੱਥ ।

ਸੁੰਦਰ ਤਾਰਾਂ ਪਟ ਦੀਆਂ
ਬਾਝੋਂ ਕਿਸੇ ਸ਼ੁਮਾਰ
ਜਿੰਦ ਸਭਨਾਂ ਦੀ ਬੰਨ੍ਹ ਲਈ ਟੂਣੇ ਦੇ ਵਿਚਕਾਰ ।

ਹੋਠ ਉਹਦੇ ਮੁਸਕਰਾਉਂਦੇ
ਦੇਣ ਵਚਿੱਤਰ ਲੋ,
ਹਰ ਕੋਈ ਹੰਝੂ ਖ਼ੁਸ਼ੀ ਦੇ ਅੱਖੀਂ ਰਿਹਾ ਪਰੋ ।

ਮੁਖ ਓਸ ਦੇ ਖੇਡਦੀ
ਜਦ ਕੋਈ ਮੁਸਕਾਨ
ਗੁੰਬਦ ਅਗਮ ਪੁਲਾੜ ਦੇ ਨਾਲ ਉਹਦੇ ਗੁੰਜਰਾਨ ।

ਫਿਰ ਤੰਬੂਰਾ ਛੇੜਿਆ
ਸਭ ਨੂੰ ਲੱਗਾ ਠੀਕ,
ਤਗੜਾ ਘਨਹਰ ਗਜਿਆ ਸੁੱਟ ਚਾਂਦੀ ਦੀ ਲੀਕ ।

ਐਸੇ ਸ਼ੁਅਲੇ ਰਾਗ ਦੇ
ਭੜਕੇ ਉਹਦੀ ਹਿੱਕ,
ਜਿਨ੍ਹਾਂ ਬਣਾਇਆ ਮਹਿਲ ਨੂੰ ਬਲਦੀ ਭੱਠੀ ਇੱਕ ।



Digitized by Panjab Digital Library | www.panjabdigilib.org

ਐਸਾ ਉਹਦੀ ਅੱਗ ਨੇ
ਦਿੱਤਾ ਸੇਕ ਖਿਲਾਰ,
ਹੋਸ਼ ਸਰੋਤਾਗਣਾਂ ਦੀ ਸੜ ਕੇ ਹੋ ਗਈ ਛਾਰ ।

ਕੱਥ ਨਾ ਸੱਕੇ ਲੇਖਣੀ
ਲੋਕਾਂ ਦਾ ਉਤਸ਼ਾਹ,
ਤਖ਼ਤੋਂ ਉਠਦਾ ਦੇਖਿਆ ਜਦ ਉਨ੍ਹਾਂ ਨੇ ਸ਼ਾਹ ।

ਗਲ ਅਪਣੇ 'ਚੋਂ ਤਰੁੰਡ ਕੇ
ਜਗ ਮਗ ਕਰਦਾ ਹਾਰ,
ਸਕਿਆ ਕੋਈ ਨਾ ਅਜ ਲਾ ਜਿਸ ਦਾ ਮੁੱਲ ਨਤਾਰ ।

ਸੁੰਦਰ ਮਣੀਆਂ ਜਿਸ ਦੀਆਂ,
ਜਿਨ੍ਹਾਂ ਵਰਗੀਆਂ ਹੋਰ,
ਨਾ ਧਰਤੀ ਦੀ ਕੁੱਖ ਵਿਚ, ਨਾ ਵਿਚ ਸਿੰਧ ਅਛੋਰ ।

ਚਾਉ ਨਾਲ ਸੀ ਪਹਿਨਦਾ
ਸ਼ਾਹ ਖ਼ੁਦ ਜਿਹੜਾ ਹਾਰ,
ਪਾਇਆ ਗਲ ਕਲੋਂਤ ਦੇ ਹੋ ਗਈ ਛੱਬੀ ਅਪਾਰ ।

ਗੂੰਜੇ ਗੁੰਬਦ ਮਹਿਲ ਦੇ
ਉੱਚੀ ਵਾਹ ਵਾਹ ਨਾਲ,
ਛਤ ਖੜੀ ਕਿੰਜ ਰਹਿ ਗਈ ਆਇਆ ਏਡ ਭੁਚਾਲ ।

ਐਪਰ ਸੁੰਦਰ ਕਾਮਦੀ
ਪਈ ਉਚੇਚੀ ਖਿੱਚ,
ਅਧਭੁਤ ਚਾਨਣ ਲਟਕਿਆ ਦੋ ਨੈਣਾਂ ਦੇ ਵਿਚ ।



Digitized by Panjab Digital Library | www.panjabdigilib.org

ਜਾਦੂਗਰ ਕਵਾਲ ਵਲ
ਦੇਖ ਰਹੀ ਇਕ ਸਾਰ,
ਦਿਲ ਉਸ ਦੇ ਨੂੰ ਟੁੰਬਦੀ ਜਾਵੇ ਇਕ ਇਕ ਤਾਰ ।

ਰਾਗ ਕਲਾ ਵਿਚ ਮਦਨ ਤੋਂ
ਵਧ ਕੇ ਚਤਰ ਸੁਜਾਨ,
ਨਹੀਂ ਸੀ ਕੋਈ ਜੀਉਂਦਾ ਓਦੋਂ ਵਿਚ ਜਹਾਨ ।

ਮੁੱਲ ਓਸ ਦੇ ਕਸਬ ਦਾ
ਰਹੀ ਕਾਮਦੀ ਪਾ,
ਕਿਉਂਕਿ ਉਸ ਲੈ ਲਈ ਸੀ ਦਿਲ ਉਹਦੇ ਦੀ ਥਾਹ ।

ਐਸਾ ਮਦਨ ਕਵਾਲ ਨੇ
ਜਾਦੂ ਦਿੱਤਾ ਧੂੜ,
ਇਕ ਅਲੌਕਿਕ ਨਸ਼ੇ ਵਿਚ ਹੋਈ ਕਾਮਦੀ ਚੂਰ ।

ਸੁੰਦਰ ਪਲਕਾਂ ਉਸ ਦੀਆਂ
ਲੰਬੀਆਂ ਅਤੇ ਬਰੀਕ,
ਉਚੀਆਂ ਝਿੱਕੀਆਂ ਹੁੰਦੀਆਂ ਰਹੀਆਂ ਓਦੋਂ ਤੀਕ ।

ਜਦ ਤਕ ਮਦਨ ਕਵਾਲ ਦੇ
ਦਿਲ ਵਿਚ ਲੁੱਕੀ ਭਾਹ,
ਨਾਲ ਉਨ੍ਹਾਂ ਦੇ ਝਲ ਦੇ ਹੋਈ ਨਾ ਦੂਣ ਸਵਾ ।

ਜਦ ਵੀ ਜੁੜਦੀਆਂ ਇਸ ਤਰ੍ਹਾਂ
ਸੂਖਮ ਜਿੰਦਾਂ ਦੋ,
ਘੁਲ ਕੇ ਇਕ ਹੋ ਜਾਵੰਦੀ ਦੋਹਾਂ ਦੀ ਖ਼ੁਸ਼ਬੋ ।



Digitized by Panjab Digital Library | www.panjabdigilib.org

ਐਸਾ ਉਸ ਦੇ ਰਾਗ ਨੇ
ਬੰਨ੍ਹਿਆ ਅਚਰਜ ਰੰਗ,
ਵਿੱਝੀ ਸੁੰਦਰ ਕਾਮਦੀ ਤੇਜ਼ ਇਸ਼ਕ ਦੇ ਡੰਗ ।

ਸੁੱਤੀ ਉਸ ਦੀ ਕਲਪਨਾ
ਇਸ਼ਕ-ਮਵਾਤੇ ਨਾਲ,
ਜਾਗੀ, ਮੱਥਾ ਓਸ ਦਾ ਦਗਿਆ ਚਾਨਣ ਨਾਲ ।

ਉਠ ਕੇ ਮਦਨ ਕਵਾਲ ਵਲ
ਵਧੀ ਉਹ ਅਖ਼ੀਰ,
ਉਡਦਾ ਜਿਵੇਂ ਕਮਾਨ 'ਚੋਂ ਖੰਭਾਂ ਵਾਲਾ ਤੀਰ ।

ਬਿਜਲੀ ਵਾਂਗੂ ਲਰਜ਼ਦਾ
ਇਕ ਇਕ ਉਹਦਾ ਅੰਗ,
ਅੱਧਾ-ਨੰਗਾ ਬੁੱਤ ਓਸ ਦਾ ਨੱਚਣ ਲਗਾ ਨਸੰਗ ।

ਚਮਕੇ ਪਿੰਡਾ ਓਸ ਦਾ
ਚੰਨ ਦੇ ਟੋਟੇ ਹਾਰ,
ਪਲ ਵਿਚ ਦਰਸ਼ਕ ਹੋ ਗਏ ਉਸ ਉਤੋਂ ਬਲਿਹਾਰ ।

ਝੁਕੀ ਜਿਵੇਂ ਕਟਾਰ ਉਹ
ਕਰ ਕੇ ਇਕੋ ਵਾਰ,
ਮਹਿਮਾਨਾਂ ਦੇ ਸੀਸ ਉਸ ਜਾਣੋ ਲਏ ਉਤਾਰ ।

ਉਚੀਆਂ ਝਿੱਕੀਆਂ ਹੁੰਦੀਆਂ
ਪਲਕਾਂ ਦੀ ਗਤਿ ਨਾਲ,
ਖ਼ੂਨ ਜੰਮਾਉਂਦੀ ਕਦੀ ਉਹ, ਦੇਂਦੀ ਕਦੀ ਪਘਾਲ ।



Digitized by Panjab Digital Library | www.panjabdigilib.org

ਮੁਖ ਉਹਦਾ ਮੁਸਕਾਉਂਦਾ
ਸਰਘੀ ਪੈਂਦੀ ਮਾਤ,
ਗੋਰੇ ਰੰਗ ਤੇ ਲਾਲੀਆਂ ਰੰਗ-ਵਰੀ ਪਰਭਾਤ ।

ਕੋਲੋਂ ਦੀ ਲੰਘ ਜਾਵੰਦੀ
ਨੱਚਦੀ ਕਦੀ ਨਿਸੰਗ,
ਜਿਉਂ ਧੁੱਪ-ਧੋਤੀ ਕੂਲ੍ਹ ਵਿਚ ਉੱਠਣ ਅਨਕ ਤਰੰਗ ।

ਜਦ ਉਹ ਘੁੰਮਰ ਪਾਉਂਦੀ
ਕਢ ਲਿਜਾਂਦੀ ਜਾਨ,
ਕਾਫ਼ਰ ਨੂੰ ਵੀ ਦਿਸਦੇ ਘੁੰਮ ਰਹੇ ਅਸਮਾਨ ।

ਕਦੀ ਕਦੀ ਉਹ ਘੁੰਮਦੀ
ਇਤਨੀ ਤੇਜ਼ੀ ਨਾਲ,
ਧੋਖਾ ਲਗਦਾ ਨਜ਼ਰ ਨੂੰ ਜਿਉਂ ਲਾਟੂ ਦਾ ਹਾਲ ।

ਪਤਲੀ ਨਾਜ਼ਕ ਛਿੰਗ ਉਹ
ਬੱਤੀ ਜਿਵੇਂ ਕਪੂਰ,
ਅਪਣੇ ਚਾਨਣ ਨਾਲ ਹੀ ਹੋਈ ਪਈ ਭਰਪੂਰ ।

ਉਡਦੀ ਪਿਛੇ ਓਸ ਦੇ
ਕਿਰਨਾਂ ਦੀ ਛਹਿਬਾਰ,
ਤਿਤਲੀਆਂ ਦੀ ਭੀੜ ਜਿਉਂ ਝਿਲਮਿਲ ਰੰਗ ਹਜ਼ਾਰ ।

ਅੱਗੇ ਹਰ ਮਹਿਮਾਨ ਦੇ
ਵਖ ਵਖ ਮੁਦਰਾ ਧਾਰ,
ਨੱਚੀ ਸੁੰਦਰ ਕਾਮਦੀ, ਲੋਕ ਹੋਏ ਬਲਿਹਾਰ ।



Digitized by Panjab Digital Library | www.panjabdigilib.org

ਹਥ ਵਧਾਇਆ ਓਸ ਨੇ
ਇਕ ਪਰਾਹੁਣੇ ਵੱਲ
ਚਮਕ ਉਠੀ ਮਣਿ-ਮਾਲ ਜੋ ਪਈ ਓਸ ਦੇ ਗਲ ।

ਏਦਾਂ ਹਰ ਮਹਿਮਾਨ ਵਲ
ਵਧੇ ਉਸ ਦੇ ਹੱਥ,
ਭੋਰਾ ਭੋਰਾ ਵੰਡਦੇ ਹੁਸਨ ਇਸ਼ਕ ਦੀ ਵੱਥ ।

ਆਖ਼ਰ ਸੁੱਟੇ ਫੂਕ ਕੇ
ਆਮ ਖ਼ਾਸ ਮਹਿਮਾਨ,
ਕੁੱਝ ਓਸ ਦੇ ਗ਼ਮਜ਼ਿਆਂ, ਕੁਝ ਉਹਦੀ ਮੁਸਕਾਨ ।

ਏਦਾਂ ਸਭ ਦੀ ਰਾਖ ਦਾ
ਬਣਿਆ ਸੀ ਜੋ ਢੇਰ,
ਉਸ ਵਿਚ ਕੇਵਲ ਕਾਮਦੀ ਚਮਕੇ ਜਿਵੇਂ ਸਵੇਰ ।

ਟਕ ਬੰਨ੍ਹੀ ਵਲ ਓਸ ਦੇ
ਮਦਨ ਰਿਹਾ ਸੀ ਦੇਖ,
ਕਹੇ ਕ੍ਰਿਸ਼ਮੇ ਕਰ ਰਹੀ ਚਾਨਣ ਦੀ ਇਕ ਰੇਖ ।

ਕਿਹੜਾ ਪਾਵੇ ਮੁੱਲ ਉਹ
ਨਿਰਤ ਕਲਾ ਦੀ ਝੋਲ ?
ਕਿੱਦਾਂ ਦੱਸੇ ਓਸ ਨੂੰ ਦਿਲ ਅਪਣਾ ਉਹ ਖੋਹਲ ?

ਆਖ਼ਰ ਲਾਹ ਕੇ ਗਲ 'ਚੋਂ
ਮਣੀਆਂ ਦਾ ਉਹ ਹਾਰ,
ਦਿਤਾ ਸੀ ਜੋ ਸ਼ਾਹ ਨੇ ਵਿਚ ਭਰੇ ਦਰਬਾਰ ।



Digitized by Panjab Digital Library | www.panjabdigilib.org

ਅਖਾਂ ਦੇ ਵਿਚ ਲਟਕਦੇ
ਸੁਫਨੇ ਲੱਖ ਹਜ਼ਾਰ,
ਨਾਚੀ ਪੈਰੀਂ ਰਖਿਆ ਓਸ ਨਾਲ ਸਤਿਕਾਰ ।

ਕੀ ਜਾਣੇ ਉਹ ਕਰ ਰਿਹਾ
ਕਿਤਨੀ ਵੱਡੀ ਭੁੱਲ,
ਝੱਖੜ ਸ਼ਾਹੀ ਕ੍ਰੋਧ ਦਾ ਪੈਣਾ ਸਿਰ ਤੇ ਝੁੱਲ ।

ਨਾਰੀ ਵਲ ਮੂੰਹ ਮੋੜ ਕੇ
ਬੋਲਿਆ ਆਖ਼ਰਕਾਰ,
"ਇਹ ਹਾਰ ਜੋ ਸ਼ਾਹ ਨੇ ਦਿਤਾ ਮੈਥੋਂ ਵਾਰ ।

ਮੇਰੇ ਗੁਣ ਦੀ ਕਦਰ ਵਿਚ,
ਮੇਰਾ ਹੈ ਇਹ ਚਾਅ,
ਪੈਰ ਅਪਣੇ ਦੀਆਂ ਝਾਂਜਰਾਂ ਇਹਦੇ ਨਾਲ ਸਜਾ ।

ਜੀ ਚਾਹੇ ਜਿੰਦ ਆਪਣੀ
ਤੈਥੋਂ ਘੋਲ ਘੁਮਾਂ,
ਪਰ ਲਾਇਕ ਇਸ ਮਾਣ ਦੇ ਖ਼ਬਰੇ ਹਾਂ ਕਿ ਨਾਂਹ ।"

ਲੋਹਾ ਲਾਖਾ ਹੋ ਗਿਆ
ਸ਼ਾਹ ਹੈਰਾਨੀ ਨਾਲ,
ਉਤਰਿਆ ਅੱਖੀਂ ਓਸ ਦੇ ਅਤਿ ਮਾਰੂ ਖੰਕਾਲ ।

ਮੱਥੇ ਉਤੇ ਓਸ ਦੇ
ਪਈ ਭਿਆਨਕ ਘੂਰ,
ਮੁਖ ਸੁੰਦਰ ਜੋ ਓਸ ਦਾ ਪਲ ਵਿਚ ਗਈ ਵਲੂਹਰ ।



Digitized by Panjab Digital Library | www.panjabdigilib.org

ਖਾ ਗ਼ੁੱਸਾ ਉਹ ਕੰਬਿਆ,
ਗ਼ੁੱਸਾ ਏਡ ਚੰਡਾਲ,
ਕੋਈ ਨਾ ਸਕਦਾ ਓਸ ਨੂੰ ਦੁਨੀਆਂ ਦੇ ਵਿਚ ਟਾਲ ।

ਉੱਚੇ ਸ਼ਾਹੀ ਮਾਣ ਨੂੰ
ਐਸੀ ਵੱਜੀ ਸੱਟ,
ਕਾਰਵਾਈ ਸਭ ਜਸ਼ਨ ਦੀ ਗਈ ਵਲ੍ਹੇਟੀ ਝੱਟ ।

"ਕਿਦਾਂ ਸਭ ਤੋਂ ਨਿਘਰਿਆ
ਇਹ ਕਮੀਨਾ ਭੱਟ
ਇਸ ਸ਼ਾਹਾਂ ਦੇ ਸ਼ਾਹ ਦੀ ਦਿਹਲੀ ਆਇਆ ਟੱਪ ?

ਮੇਰੇ ਛੱਟੜ ਮਾਣ ਦਾ
ਬਦਲਾ ਚੁੱਕਦਾ ਤਾਂ,
ਏਸੇ ਥਾਂ ਜੇ ਏਸ ਦੇ ਡਕਰੇ ਚਾਰ ਕਰਾਂ ।

ਜਾਂ ਸੂਲੀ ਤੇ ਟੰਗ ਕੇ
ਫਾਹੇ ਇਸ ਨੂੰ ਲਾਂ,
ਜਾਂ ਗੱਡ ਕੇ ਵਿਚ ਧਰਤ ਦੇ ਕੁੱਤਿਆਂ ਤੋਂ ਪੜਵਾਂ ।

ਪਰ ਆਖ਼ਰ ਹਾਂ ਸ਼ਾਹ ਮੈਂ,
ਦਿਆਲੂ ਮੇਰਾ ਸੁਭਾਉ,
ਮੇਰੀਆਂ ਅੱਖਾਂ ਅਗਿਓਂ ਦੂਰ ਇਹਨੂੰ ਲੈ ਜਾਉ ।

ਮੋਹਰੇ ਨਗਰ-ਦਵਾਰ ਦੇ
ਖ਼ੂਬ ਕੋੜਿਆਂ ਨਾਲ,
ਲਾਹ ਕੇ ਚਮੜੀ ਏਸ ਦੀ ਦੇਵੋ ਦੇਸ-ਨਿਕਾਲ ।



Digitized by Panjab Digital Library | www.panjabdigilib.org

ਜੇ ਇਹ ਅਟਕੇ ਜ਼ਰਾ ਵੀ
ਖਾ ਪਿੱਛੇ ਦੀ ਖਿੱਚ,
ਵੱਢ ਸਿਰ ਇਹਦਾ ਸੁੱਟ ਦਿਉ ਇਹਦਿਆਂ ਪੈਰਾਂ ਵਿਚ ।

ਦਿੱਤੀ ਇਸ ਗ਼ੱਦਾਰ ਨੂੰ
ਜੇਕਰ ਕਿਸੇ ਪਨਾਹ,
ਜਾਂ ਹਮਦਰਦੀ ਕਰਨ ਦਾ ਕੀਤਾ ਕਿਸੇ ਗੁਨਾਹ ।

ਜਾਨ ਅਪਣੀ ਤੋਂ ਓਸ ਨੂੰ,
ਧੋਣੇ ਪੈਣੇ ਹੱਥ,
ਹਰ ਹਾਲਤ ਵਿਚ ਪੂਰਨੀ ਅਸਾਂ ਆਪਣੀ ਕੱਥ ।"

ਕਿਹੜਾ ਸਕਦਾ ਸ਼ਾਹ ਦੀ
ਆਖੀ ਤਾਈਂ ਮੋੜ,
ਹਰ ਇਕ ਮੂੰਹ ਤੇ ਲਗ ਗਈ, ਖ਼ਾਮੋਸ਼ੀ ਦੀ ਮੁਹਰ ।

ਹਰ ਇਕ ਦੀ ਇਹ ਚਾਹ ਸੀ
ਸ਼ਾਹ ਤੋਂ ਨਜ਼ਰ ਬਚਾ,
ਨੱਸੇ ਸ਼ਾਹੀ ਮਹਿਲ 'ਚੋਂ ਸਿਰ ਤੇ ਪੈਰ ਟਿਕਾ ।

ਕੁਝ ਸਿਪਾਹੀ ਛੀਟਕੇ
ਏਨੇ ਚਿਰ ਵਿਚਕਾਰ,
ਜਿਨ੍ਹਾਂ ਉਤੇ ਸ਼ਾਹ ਦਾ ਪੂਰਾ ਸੀ ਇਤਬਾਰ ।

ਝਪਟੇ ਉਤੇ ਮਦਨ ਦੇ
ਪਾ ਮੱਥੇ ਤੇ ਵੱਟ,
ਜਿੱਦਾਂ ਦੇਖ ਸ਼ਿਕਾਰ ਨੂੰ ਬਾਜ ਕਰੇਂਦਾ ਛੱਟ ।



Digitized by Panjab Digital Library | www.panjabdigilib.org

ਕੀਤੇ ਉਹਨਾਂ ਮਦਨ ਦੇ
ਕਪੜੇ ਲੀਰੋ ਲੀਰ,
ਘੱਟੇ ਵਿਚ ਘਸੀਟਦੇ ਲੈ ਗਏ ਉਹਨੂੰ ਅਖ਼ੀਰ ।

ਅਗਿਣਤ ਸੱਟਾਂ ਓਸ ਨੂੰ
ਲੱਗੀਆਂ ਥਾਂ ਪਰ ਥਾਉਂ
ਹਉਕਾ ਭਰਿਆ ਓਸ ਨੇ "ਨਿਜ ਜਣੇਂਦੀ ਮਾਉਂ !"

ਮਹਿਲ ਖ਼ੁਸ਼ੀ ਦਾ ਹਾਏ ਕਿੰਜ
ਇਸ ਜ਼ਾਲਿਮ 'ਮਗ਼ਰੂਰ,
ਇਕੋ ਹੀ ਸੱਟ ਮਾਰ ਕੇ ਕੀਤਾ ਚਕਨਾ ਚੂਰ ।

ਵਜਿਆ ਏਨੇ ਜ਼ੋਰ ਦੀ
ਬਦਨਾਮੀ ਦਾ ਢੋਲ,
ਡਮ ਡਮ ਦੇ ਵਿਚ ਡੁੱਬ ਗਏ ਕੋਮਲ ਮਿੱਠੇ ਬੋਲ ।

ਜਿਉਂ ਜਿਉਂ ਅੱਗੇ ਗਿਆ ਉਹ
ਤਿਉਂ ਤਿਉਂ ਉਸ ਦੇ ਨੈਣ,
ਜਿਥੇ ਦੇਖੀ ਕਾਮਦੀ ਮੁੜ ਮੁੜ ਉਥੇ ਪੈਣ ।

ਚੁਭਣ ਪੈਰੀਂ ਓਸ ਦੇ
ਜਿਉਂ ਜਿਉਂ ਜੰਗਲੀ ਖ਼ਾਰ,
ਤਿਉਂ ਤਿਉਂ ਉਸ ਦੀ ਹਿੱਕ ਵਿਚ ਮਾਰੇ ਚੀਸ ਪਿਆਰ :

ਛੱਡ ਆਇਆ ਉਹ ਕਾਮਦੀ
ਕਿਹੜੀ ਸ਼ਕਤੀ ਨਾਲ,
ਇੰਜ ਵਿਛੜਨ ਦਾ ਓਸ ਨੂੰ ਆਇਆ ਕਿੰਝ ਖ਼ਿਆਲ !


Digitized by Panjab Digital Library | www.panjabdigilib.org

ਕਾਸ਼ ਕਦੇ ਉਹ ਕਰ ਸਕੇ
ਫੇਰ ਓਸ ਦੀ ਦੀਦ !
ਚਾਹੇ ਪੈਰੀਂ ਓਸ ਦੇ ਜ਼ਾਲਮ ਕਰਨ ਸ਼ਹੀਦ !

ਮੁੱਕ ਚੁੱਕੀ ਸੀ ਓਸ 'ਚੋਂ
ਪਰ ਜੀਵਨ ਦੀ ਲੋ,
ਚਾਹੇ ਪਿਛਾਂਹ ਵਲ ਤੱਕਦਾ, ਸਕਿਆ ਨਹੀਂ ਖਲੋ ।

ਪੱਛੀਆਂ ਤਲੀਆਂ ਉਹਦੀਆਂ
ਹੋਈਆਂ ਪੀੜੋਂ ਪੀੜ,
ਪੱਛੀ ਵਾਂਗੂੰ ਦੁੱਖਾਂ ਨੇ ਸੁੱਟਿਆ ਲਹੂ ਨਪੀੜ ।

ਰੋਟੀ ਉਹਦੀ ਰਹਿ ਗਈ
ਮਲ੍ਹਿਆਂ ਦੇ ਕੁਝ ਬੇਰ,
ਪਾਣੀ ਪੀਵੇ ਤ੍ਰੇਲ ਦਾ ਆਥਣ ਅਤੇ ਸਵੇਰ ।

ਝੰਮਿਆਂ ਨਾਲ ਥਕੇਵਿਆਂ
ਟੁੱਟਿਆ ਪੈਂਡੇ ਮਾਰ,
ਨੇੜੇ ਅਪਣੇ ਇਸ਼ਟ ਦੇ ਪੁਜਿਆ ਆਖ਼ਰਕਾਰ ।

ਸੁੱਕਿਆ ਪਿੰਜਰ ਓਸ ਦਾ
ਲੰਮੀਆਂ ਭੁੱਖਾਂ ਝਾਗ,
ਆਖ਼ਰ "ਪਾਕ ਖਜੂਰ" ਦੇ ਪਹੁੰਚ ਗਿਆ ਉਹ ਲਾਗ ।

ਦੇਸ਼ ਕਾਲ ਦੇ ਬੰਧਨਾਂ
ਵਿਚੋਂ ਆਖ਼ਰ ਛੁਟ,
ਪਾਈ "ਪਾਕ ਖਜੂਰ" ਨੂੰ ਗਲਵਕੜੀ ਉਸ ਘੁਟ ।



Digitized by Panjab Digital Library | www.panjabdigilib.org

ਹੇਠਾਂ ਪਾਕ ਖਜੂਰ ਦੇ
ਬਹਿ ਪਰਛਾਵੇਂ ਹਾਰ,
ਨਿੱਤ ਦੁਆਵਾਂ ਮੰਗਦਾ ਕਰ ਅੱਖਾਂ ਜਲਿਹਾਰ ।

ਹੇਠਾਂ ਪਾਕ ਖਜੂਰ ਦੇ
ਢਹਿ ਕੇ ਮੂੰਹ ਦੇ ਭਾਰ,
ਡੁਸਕਿਆ — "ਲੇਖਾਂ ਮੇਰਿਆਂ ਦਿਤੀ ਡਾਢੀ ਹਾਰ ।"

ਚੀਰ ਅਪਣੇ ਗਲਵਾਣ ਨੂੰ
ਕਰ ਲੰਮੀ ਫ਼ਰਿਆਦ,
ਮੰਗੀ ਪਾਕ ਖਜੂਰ ਤੋਂ ਅਪਣੀ ਓਸ ਮੁਰਾਦ ।

ਰੂਹਾਂ ਮਾਰੂ ਥਲ ਦੀਆਂ
ਉਸ ਨੂੰ ਦੇਖ ਰੰਜੂਲ,
ਕੀਤਾ ਉਸ ਦੀ ਰੂਹ ਵਿਚ ਸਭਨਾਂ ਆਣ ਹਲੂਲ ।

ਘੜੀ ਘੜੀ ਉਹ ਡਿੱਗਦਾ
ਹੋ ਬੇ-ਸੁਰਤ ਬੇਹੋਸ਼,
ਜਾਣੋ ਫਿਰਦਾ ਖੋਲ੍ਹਦਾ ਦਿਲ ਦੇ ਗੁੱਝੇ ਕੋਸ਼ ।

ਬੇਹੋਸ਼ੀ ਦੇ ਵਿਚ ਸੀ
ਪੈਂਦਾ ਉਹ ਬਰੜਾ —
ਹਾਏ ਸੁੰਦਰ ਕਾਮਦੀ, ਕਦੀ ਤਾਂ ਮਿਲਸਾਂ ਆ ।

ਦੇਖ ਪਿਆਰੀ ਖੜਾ ਹਾਂ
ਮੈਂ ਕਿੰਜ ਤੇਰੇ ਕੋਲ,
ਨਾਲ ਅਪਣੀ ਮੁਸਕਾਣ ਦੇ ਭਰ ਦੇ ਮੇਰੀ ਝੋਲ ।



Digitized by Panjab Digital Library | www.panjabdigilib.org

ਜਦ ਵੀ ਪਤ ਖਜੂਰ ਦੇ
ਕਰਦੇ ਕੁਝ ਖੜਕਾਰ,
ਬੁੱਤ ਓਸ ਦਾ ਕੰਬਣਾ ਸੁੱਕੇ ਪੱਤਰ ਹਾਰ ।

ਹਰਨ ਜੇ ਕੋਈ ਲੰਘਦਾ
ਕੋਲੋਂ ਚੁੰਗੀ ਮਾਰ,
ਪਕੜ ਕਲੇਜਾ ਆਪਣਾ ਕਹਿੰਦਾ ਮਦਨ ਪੁਕਾਰ —

"ਮੇਰੀ ਪਿਆਰੀ ਕਾਮਦੀ
ਕਿਉਂ ਤੂੰ ਭੱਜੇਂ ਇੰਜ,
ਕੀ ਕੋਈ ਡਰ ਹੈ ਤੁਧ ਨੂੰ, ਕੀ ਹੋਈ ਏਂ ਰਿੰਜ ?"

ਜੰਗਲ ਜੂਹਾਂ ਕੱਛਦਾ
ਏਦਾਂ ਰਾਤ ਦਿਹਾੜ,
ਕਾਮਦੀ, ਕਾਮਦੀ, ਕਾਮਦੀ, ਕਰਦਾ ਫਿਰੇ ਪੁਕਾਰ ।

ਜਪਿਆ ਉਸ ਨੇ ਕਾਮਦੀ
ਦਾ ਨਾਂ ਏਨੀ ਵਾਰ,
ਨਾਲ ਕਾਮਦੀ ਭਰ ਗਈ ਪੰਛੀਆਂ ਦੀ ਚਹਿਕਾਰ ।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-0722

Digitized by Panjab Digital Library | www.panjabdigilib.org

Digitized by Panjab Digital Library | www.panjabdigilib.org